
# ڈھاہ لگی وَستی

ملک مہر علی



بسم الله الرحمن الرحيم

# ਢਾਹ ਲੱਗੀ ਵੱਸਤੀ

(ਕਹਾਣੀਆਂ)

ਮਲਿਕ ਮਿਹਰ ਅਲੀ

ਇਦਾਰਾ ਪੰਜਾਬੀ ਜ਼ੁਬਾਨ ਤੇ ਸਕਾਫ਼ਤ, ਲਾਹੌਰ

# DHAH LAGI WASTI

(PUNJABI SHORT STORIES)

BY

## Malik Maher Ali


| | |
|---|---|
| Price: | Pak Rs.150.00, US $ 12.00, UK £ 10.00 |
| First Edition: | June 2007 |
| Code: | IPLAC-14(178)/0027/6-5 H |
| Published by: | ILYAS GHUMMAN<br>Chairman, Institute of Punjabi Language & Culture<br>24-Ameer Road, Lahore-54000 - PAKISTAN |
| Contact: | 0092-333-435-8387<br>0092-42-7244969<br>e-mail: ighumman@pol.com.pk |



**ਸੱਭੇ ਹੱਕ ਰਾਖਵੇਂ**



| | |
|---|---|
| ਕਿਤਾਬ | ਢਾਹ ਲੱਗੀ ਵੱਸਤੀ |
| ਲਿਖਾਰੀ | ਮਲਿਕ ਮਿਹਰ ਅਲੀ |
| ਰਾਬਤਾ ਲਿਖਾਰੀ | ravinelibaar@yahoo.com |
| ਪਹਿਲੀ ਵਾਰ | ਜੂਨ 2007 |

ਮੁਖ ਮੂਰਤ ਇਸ ਮੂਰਤ ਦੇ ਅਸਲ ਚਿਤਰਕਾਰ ਦਾ ਪਤਾ ਨਹੀਂ ਲਗਾ। T. Zastawnlak ਤੇ Prof. S. Marinatos ਰਾਹੀਂ ਮਿਲਣ ਆਲੀ ਜਾਣਕਾਰੀ ਮੁਤਾਬਿਕ ਕੱਧਾਂ ਤੇ ਉਲੀਕੀ ਇਹ ਮੂਰਤ 3500 ਵਰ੍ਹੇ ਪੁਰਾਣੀ ਏ। ਅਸੀਂ ਇਸ ਮੂਰਤ ਦੇ ਅਸਲ ਚਿੱਤਰਕਾਰ ਤੇ ਇਹੰਦੀ ਖੋਜ ਕਰਨ ਆਲਿਆਂ ਦੇ ਸ਼ੁਕਰਗੁਜ਼ਾਰ ਆਂ।

| | |
|---|---|
| ਮੁੱਖ ਸੁਧਾਰ | ਕਮਰੁਜ਼–ਜ਼ੱਮਾਨ |
| ਲਿੱਪੀਅਂਤਰ | ਮੁਹੰਮਦ ਤਨਵੀਰ |
| ਤਾਦਾਦ | 500 |
| ਮੁੱਲ | 150 ਰੁਪਏ |

ਚਿੱਤਰਕਾਰੀ ਉਸਤਾਦ ਅੱਲ੍ਹਾ ਬਖ਼ਸ਼, ਜ਼ੈਨੁਲ ਆਬੇਦੀਨ, ਅਮਰੋਜ਼, ਅਬਾਸ ਸ਼ਾਹ, ਖ਼ਾਲਿਦ ਇਕਬਾਲ ਤੇ ਦੂਜਿਆਂ ਦੇ ਸ਼ੁਕਰੀਏ ਨਾਲ

ਮੁਹੰਮਦ ਅਸਗ਼ਰ,

ਛਾਹ ਲੱਗੀ ਵੱਸਤੀ

ਤੇ

ਉਸ ਦੇ ਵਸਣੀਕਾਂ

ਦੇ ਨਾਂ

ਢਾਹ ਲੱਗੀ ਵੱਸਤੀ ਦੀਆਂ ਵਿਚਲੀਆਂ ਕਹਾਣੀਆਂ — ਇਲਿਆਸ ਘੁੰਮਣ — 6
ਇਹੋ ਕਹਾਣੀ ਏ — ਮਲਿਕ ਮਿਹਰ ਅਲੀ — 8
1– ਉੱਚਾਲਾ — 11
2– ਤਾਂਘ — 16
3– ਗੁਸਤਾਨ ਦੀ ਵਾਹਰ — 21
4– ਚਿੱਟੀ ਰੱਤ — 25
5– ਕੱਧੀ ਵਾਸ — 29
6– ਤਾਰੂ ਤੇ ਹਾਬ — 32
7– ਮਾੜੀ ਮੋਏ — 35
8– ਢੇਰੀਆਂ — 38
9– ਸਿਵੀ — 40
10– ਅਜੋੜ — 43
11– ਨਿਰਵਾਰ — 46

## ਡਾਹ ਲੱਗੀ ਵੱਸਤੀ ਦੀਆਂ ਵਿਚਲੀਆਂ ਕਹਾਣੀਆਂ

"ਢਾਹ ਲੱਗੀ ਵੱਸਤੀ" ਦਾ ਕਹਾਣੀ ਕਾਰ ਮਲਿਕ ਮਿਹਰ ਅਲੀ ਸੈਨਤ ਕਲਾ ਯਾਂ "ਛਨੇ ਅਲਾਮਤ" ਦੀ ਵਰਤੋਂ ਨਾਲ ਆਪਣੀ ਕਹਾਣੀ ਦੀ ਕੁੱਲੀ ਉਸਾਰਦਾ ਏ। ਇਹ ਸੈਨਤਾਂ ਇਸ਼ਾਰੇ ਤੇ ਅਲਾਮਤਾਂ ਕੋਈ ਗੁੰਝਲਦਾਰ ਬੁਝਾਰਤਾਂ ਨਹੀਂ, ਸਗੋਂ ਸਮਝ ਆਉਣ ਵਾਲੀਆਂ ਨੇਂ। ਇਸੇ ਲਈ ਪੜ੍ਹਨ ਹਾਰ ਅੱਖਰਾਂ ਤੇ ਸਤਰਾਂ ਦੇ ਉਹਲੇ ਤੇ ਲੁਕੇਵੇਂ ਵਿਚ ਕੀਤੀਆਂ ਜਾਵਣ ਵਾਲੀਆਂ ਗਲਾਂ ਨੂੰ ਸਹਿਜ ਸੁਭਾ ਨਾਲ ਸਮਝੀ ਤੇ ਪੁਚਾਈ ਜਾਂਦਾ ਏ। ਇਹ ਉਹਦੀਆਂ ਕਹਾਣੀਆਂ ਦਾ ਪਹਿਲਾ ਪਰਾਗਾ ਤੇ ਪਹਿਲਾ ਮਾਣ ਏ।

"ਢਾਹ ਲੱਗੀ ਵੱਸਤੀ" ਧੀਮੇ ਲਹਿਜੇ ਵਿਚ ਲਿਖੀਆਂ ਕਹਾਣੀਆਂ ਦਾ ਪਰਾਗਾ ਏ। ਸੰਘ ਪਾੜ ਪਾੜ ਬੋਲਦੀਆਂ ਸਤਰਾਂ ਨਾਲੋਂ ਕੂਲੇ ਕੋਮਲ ਅੱਖਰਾਂ ਵਾਲੀਆਂ ਸਤਰਾਂ ਪੜ੍ਹਨ ਵਾਲੇ ਉੱਤੇ ਬਹੁਤਾ ਤੇ ਬਹੁਤੀ ਦੇਰ ਤਕ ਰਹਿਣ ਵਾਲਾ ਅਸਰ ਪਾਉਂਦੀਆਂ ਨੇਂ। ਇਸ ਕਿਤਾਬ ਵਿਚ ਬਹੁਤ ਸਾਰਿਆਂ ਇੰਜ ਦੀਆਂ ਸਤਰਾਂ ਵੀ ਮੌਜੂਦ ਨੇਂ, ਜਿਨ੍ਹਾਂ ਨੂੰ ਭਾਵੇਂ ਕਹਾਣੀ ਤੋਂ ਵਖਰਿਆਂ ਕਰਕੇ ਵੀ ਪੜ੍ਹਿਆ ਜਾਵੇ ਤੇ ਉਹ ਪੂਰਾ ਪੂਰਾ ਸਵਾਦ ਦੇਂਦੀਆਂ ਨੇਂ। ਇਸ ਕਹਾਣੀ ਰੱਸ ਪਾਰੋਂ ਈ ਮਲਿਕ ਮਿਹਰ ਅਲੀ ਦੀਆਂ ਲਿਖੀਆਂ ਕਹਾਣੀਆਂ ਨੇ ਆਮ ਪੜ੍ਹਨ ਹਾਰਾਂ ਤੋਂ ਲੈ ਕੇ ਉੱਘੇ ਅੱਦਬ ਪਾਰਖਾਂ ਨੂੰ ਵੀ ਆਪਣਾ ਦੀਵਾਨਾ ਬਣਾਇਆ ਏ।

ਜਿਵੇਂ ਕਿ:

"ਹਥ ਪੈਰ ਭਨਾਉਣ ਆਲੇ ਕਰਤਬ ਬਾਜ਼ ਦੇ ਪਿਛਲੇ ਇੰਜ ਦਾ ਡਰੇ ਜੂੰ ਉਹ ਤਮਾਸ਼ਾ ਕਰਣ ਆਲਾ ਕੰਮ ਛਡ ਕੇ ਤਮਾਸ਼ਾ ਵੇਖਣ ਆਲਿਆਂ ਵਿਚ ਰਲ ਗਏ।"

"ਖ਼ੈਰ ਬੱਚਿਆ ਤੇ ਤਵੀਤ ਲੈਣ ਆਲੇ ਦੇ ਘਰਾਂ ਵਿਚ ਵੀ ਕੁਝ ਨਾਂ, ਜਿਸ ਕੋਲ ਜੋ ਵੀ ਹਾ ਉਸ ਫੂਕ ਛੱਡਿਆ, ਹੋਰ ਤੇ ਹੋਰ ਕਈਆਂ ਮੂੰਹ ਦੇ ਵੱਤਰ ਵੀ ਬੋਲੀ ਵਿਚ ਲਾ ਛਡੇ।"

"ਜਦੋਂ ਤੁਹਾਡੇ ਜਿਹਾਂ ਨੂੰ ਇਸ ਨੈਂ ਵਿਚ ਗੋਤੇ ਆਉਂਦੇ ਨੇਂ, ਅਸਲ ਵਿਚ ਓਦੋਂ ਇਨ੍ਹਾਂ ਬੰਦਿਆਂ ਦਾ ਭਾਰ ਈ ਤੁਹਾਡੇ ਮੋਢਿਆਂ ਤੇ ਹੁੰਦਾ ਏ।"

"ਵੱਡਿਆਂ ਦਾ ਆਖਣ ਏ ਜੂੰ ਮਰਨ ਆਲਾ ਬੰਦਿਆਂ ਦੀਆਂ ਉੱਮਰਾਂ ਖਾਂਦਾ ਹਾ ਪਰ ਜਵਾਨ ਇਹ ਗਲ ਮੰਨਣ ਲਈ ਤਿਆਰ ਨਹੀਂ ਹਾਇਨ।"

"ਹੰਜੂਆਂ ਆਲੀ ਤਾਂ ਐਵੇਂ ਗਲ ਬਣੀ ਹੋਈ ਏ। ਅਸਲ ਵਿਚ ਭੋਈਂ ਤੇ ਸੱਪਾਂ ਦੀ ਵਿਸ ਨਾਲ ਕਲਰਾਠੀਆਂ ਹੋਈਆਂ ਹਾਇਨ।"

ਜਿੱਥੋਂ ਤਕ ਨਜ਼ਰੀਏ ਤੇ ਨਿਸ਼ਾਨੇ ਦੀ ਗਲ ਏ, ਇਸ ਕਹਾਣੀ ਪਰਾਗੇ ਦਾ ਰਚਨ ਹਾਰ ਤਗੜੇ ਦੇ ਟਾਕਰੇ ਵਿਚ ਮਾੜੀ ਧਿਰ ਨਾਲ ਖਲੋਤਾ ਵਖਾਲੀ ਦੇਂਦਾ ਏ। ਪਰ ਇਹਦਾ ਇਹ ਮਤਲਬ ਵੀ ਨਹੀਂ ਕਹ ਰਵਾਈਤੀ ਕਹਾਣੀਆਂ ਵਾਂਗੂੰ ਉਹਦੀਆਂ ਕਹਾਣੀਆਂ ਦੇ ਮੁਖ ਪਾਤਰ ਵੀ ਅਖ਼ੀਰ ਤੇ ਆਪਣੇ ਅਗੇ ਆਉਣ ਵਾਲੀ ਹਰ ਔਕੜ ਨੂੰ ਮੁਕਾ ਦੇਂਦੇ ਨੇਂ ਯਾਂ ਹਰ ਜ਼ਾਲਿਮ ਤੇ ਜ਼ੋਰਆਵਰ ਨੂੰ ਕਹਾਣੀ ਦੇ ਅੰਤ ਤੇ ਮਾੜਿਆਂ ਕੋਲੋਂ ਮਾਤ ਖਾਂਦੇ ਵਖਾਇਆ ਜਾਂਦਾ ਏ। ਸਗੋਂ ਹਕੀਕੀ ਹਿਆਤੀ ਵਾਂਗ "ਢਾਹ ਲੱਗੀ ਵੱਸਤੀ" ਦੀਆਂ ਵਧੇਰੀਆਂ ਕਹਾਣੀਆਂ ਮਾੜੀ ਧਿਰ ਦੀ ਕੰਡ ਲਗਣ ਤੇ ਈ ਮੁਕਦੀਆਂ ਨੇਂ। ਪਰ ਇਸੇ ਹਾਰ ਵਿਚੋਂ ਕਹਾਣੀ ਕਾਰ ਮਾੜਿਆਂ ਨਿਤਾਣਿਆਂ ਨੂੰ ਕਾਮਯਾਬੀ ਵਲ ਜਾਂਦੀ ਰਾਹ ਜ਼ਰੂਰ ਵਖਾ ਦੇਂਦਾ ਏ। ਉੱਚਾਲਾ, ਗੁਸਤਾਨ ਦੀ ਵਾਹਰ, ਕੱਧੀ ਵਾਸ, ਤਾਂਘ, ਮਾੜੀ ਮੋਏ ਤੇ ਨਿਰਵਾਰ ਇਹੋ ਜਹੀਆਂ ਈ ਕਹਾਣੀਆਂ ਨੇਂ।

ਕਹਾਣੀ "ਤਾਂਘ" ਦੀਆਂ ਕੁਝ ਸਤਰਾਂ ਕਹਾਣੀ ਕਾਰ ਦੀ ਸੋਚਣੀ ਦੇ ਨਤਾਰਵੇਂ ਢੰਗ ਨਾਲ ਦਸ ਪੇਂਦੀਆਂ ਨੇਂ। ਕਹਾਣੀ ਦਾ ਇਕ ਕਰਦਾਰ "ਗੱਭਰੂ" ਅੰਤਾਂ ਦੀ ਮਾਯੂਸੀ ਵਿਚ ਕਹਿੰਦਾ ਏ:

"ਜਿੱਥੇ ਦੀਂਹ ਕਾਣਾ ਹੋਵੇ, ਜਿੱਥੇ ਤਾਰੇ ਲੁਕ ਲੁਕ ਰਹਿਣ ਤੇ ਚੰਨ ਚਾਨਣੀ ਦਾ ਭਰਮ ਬਨਾਵਣ ਲਈ ਦੂਈਆਂ ਬੂਹਿਆਂ ਦਾ ਮੰਗਤਾ ਹੋਵੇ, ਉਸ ਵਸੇਬ ਦੀਆਂ ਰਾਤਾਂ ਤਾਂ ਵਰ੍ਹਿਆਂ ਤੋਂ ਵੱਡੀਆਂ ਈ ਹੋਸਣ ਨਾਂ......"

ਇਸੇ ਕਹਾਣੀ ਦਾ ਦੂਜਾ ਕਿਰਦਾਰ "ਬਾਬਾ" ਲੰਮੀ ਗਲ ਛੋਹਣ ਮਗਰੋਂ ਸਾਰੀ ਹੋਈ, ਬੀਤੀ ਦਾ ਸਤ ਇੰਜ ਕਢਦਾ ਏ:

"ਜਦੋਂ ਵਸੇਬ ਦਾ ਚਾਨਣ ਪੂਰਾ ਹੋਸੀ ਨਾਲੇ ਇੱਥੋਂ ਦਾ ਵੇਲਾ ਆਪਣੀ ਟੋਰ ਟੁਰਸੀ ਓਦੋਂ ਹੱਦੋਂ ਨਿਕਲੀ ਹਰ ਸ਼ੈ, ਸਣੇ ਹਨੇਰੀਆਂ ਰਾਤਾਂ, ਆਪਣੇ ਹਿਸਾਬ ਵਿਚ ਆਪੇ ਆ ਜਾਸੀ।"

ਆਪਣੇ ਟੀਚੇ ਨਾਲ ਪੱਕੀ ਜੁੜਤ ਰਖਣ ਦੀ ਇਕ ਵੰਗੀ ਕਹਾਣੀ "ਉਚਾਲਾ" ਵਿਚ ਆਪਣੇ ਪੂਰੇ ਵਜੂਦ ਨਾਲ ਨਜ਼ਰ ਆਉਂਦੀ ਏ। ਲੋ ਤੇ ਚੰਗਿਆਈ ਦੀ ਸੈਨਤ ਬਣੇ, ਮੁਖ ਕਿਰਦਾਰ, "ਸਿਝ ਆਲੇ" ਦਾ ਸਾਥ ਦੇਣ ਵਾਲੇ ਇਕੱਲੇ ਜੀ "ਸਰਾਂ ਆਲੇ" ਨੂੰ ਜਦ ਤਗੜਿਆਂ ਦੇ ਸੀਰੀ ਬਣੇ ਸਰਪੰਚ ਕਾਲੇ ਪਾਣੀ ਘਲਣ ਦੀ ਸਜ਼ਾ ਦੇਂਦੇ ਨੇਂ ਤੇ ਉਹ ਘਬਰਾਣ ਦੀ ਥਾਂ ਹੱਸ ਕੇ ਕਹਿੰਦਾ ਏ:

"ਸਾਈਂ ਲੱਜ ਰਖ ਲਈ ਏ। ਜੇ ਗਲ ਉਰਾਂਹ ਪਰਾਂਹ ਹੋ ਜਾਂਦੀ ਤੇ ਮੈਂ ਗੁਸਤਾਨ ਆਲਿਆਂ ਨੂੰ ਕਿਹੜਾ ਮੂੰਹ ਵਖਾਵਾਂ ਹਾ......"

ਧਰਤੀ ਮਾਂ ਨਾਲ ਆਪਣੇ ਆਪ ਨੂੰ ਜੋੜਨ ਵਾਲਿਆਂ ਦੇ ਕੀ ਕੀ ਔਕੜਾਂ ਪੇਸ਼ ਪੈਂਦੀਆਂ ਨੇਂ, ਉਹਦਾ ਜ਼ਿਕਰ ਕਹਾਣੀ "ਤਾਂਘ" ਵਿਚ ਇਨ੍ਹਾਂ ਲਫ਼ਜ਼ਾਂ ਨਾਲ ਕੀਤਾ ਗਿਆ ਏ:

"ਪੱਖੂ ਆਖਣ ਲਗੇ:

ਨੂੰਜੂ ਘਣੇ ਤੇ ਇੱਥੋਂ ਟੁਰ ਗਏ ਪਰ ਸਾਡਾ ਮਰਣ ਜੀਉਣ ਤਾਂ ਇਨ੍ਹਾਂ ਸੇਮ ਮਾਰਿਆਂ ਬੰਦਿਆਂ ਤੇ ਰੁਖਾਂ ਨਾਲ ਏ। ਸਾਡੇ ਵਿਚੋਂ ਜਿਹੜਾ ਵੀ ਸਿਰ ਕਢ ਕੇ ਉੱਡਦਾ ਏ ਸ਼ਿਕਾਰੀਆਂ ਦੇ ਜਾਲ ਵਿਚ ਫਸ ਜਾਂਦਾ ਏ। ਫਸਣ ਆਲਿਆਂ ਪੱਖੂਆਂ ਨੂੰ ਸ਼ਿਕਾਰੀ ਆਪਣੀ ਬੋਲੀ ਬੋਲਣ ਦਾ ਆਖਦੇ ਨੇਂ। ਜਿਹੜੇ ਮਨ ਜਾਂਦੇ ਨੇਂ। ਸ਼ਿਕਾਰੀ ਉਨ੍ਹਾਂ ਨੂੰ ਰੰਗ ਕੇ ਛਡ ਦੇਂਦੇ ਨੇਂ। ਜਿਹੜੇ ਮੁਨਕਰ ਹੋਂਦੇ ਨੇਂ, ਗ਼ੈਰ ਰੰਗੇ ਤੇ ਉਹ ਵੀ ਜਾਂਦੇ ਨੇਂ ਪਰ ਆਪਣੇ ਲਹੂ ਦੇ ਰੰਗ ਵਿਚ।ਨੂੰ

ਮਾਂ ਮਿੱਟੀ ਨਾਲ ਮੋਹ ਪਿਆਰ ਦੀ ਗਲ ਕਹਾਣੀ "ਤਾਰੂ ਤੇ ਹਾਬ" ਵਿਚ ਵੀ ਕੀਤੀ ਗਈ ਏ ਪਰ ਇਸ ਢਬ ਨਾਲ:

"ਜਦੋਂ ਮੈਂ ਹੋਸ਼ ਸਮ੍ਹਾਲੀ ਹਾਈ ਓਦੋਂ ਬੰਦੇ ਡੋਈਂ ਦੇ ਨਾਂ ਲਗਦੇ ਹਾਇਨ, ਬੰਦਿਆਂ ਦੇ ਨਾਂ ਡੋਈਂ ਲਗਣ ਦਾ ਰਵਾਜ ਤੇ ਕਨੂਨ ਬਾਦ ਵਿਚ ਬਣਿਆ।"

ਆਪਣੀਆਂ ਇਨ੍ਹਾਂ ਸੋਚਾਂ ਦੀ ਤਾਣੀ ਤਣ ਕੇ ਕਥਾ ਕਾਰ ਨੇ ਕਹਾਣੀ ਦੇ ਖੇਸ ਉੱਤੇ ਜਿਨ੍ਹਾਂ ਲਫ਼ਜ਼ਾਂ ਕੱਥਣਾਂ ਦੀਆਂ ਰੰਗ ਰੰਗੀਲੜੀਆਂ ਪਿੜੀਆਂ ਪਾਈਆਂ ਨੇਂ ਉਨ੍ਹਾਂ ਬਾਬਤ ਜਾਣਨਾ ਵੀ ਬਹੁਤ ਜ਼ਰੂਰੀ ਏ। ਮਲਿਕ ਮਿਹਰ ਅਲੀ ਦਾ ਜੱਦੀ ਸਾਂਗਾ ਨੀਲੀ ਬਾਰ ਨਾਲ ਏ। ਇਸ ਲਈ ਉਹਦੀਆਂ ਕਹਾਣੀਆਂ ਵਿਚ ਨੀਲੀ ਬਾਰ ਦੀ ਪੰਜਾਬੀ ਹੀ ਪਰਧਾਨ ਬੋਲੀ ਦੇ ਰੂਪ ਵਿਚ ਮੌਜੂਦ ਏ।

ਮਲਿਕ ਮਿਹਰ ਅਲੀ ਦੀਆਂ ਲਿਖੀਆਂ ਕਹਾਣੀਆਂ ਆਪਣੇ ਅੰਦਰ ਢੇਰ ਸਾਰੇ ਵਸਫ਼ ਰਖਦੀਆਂ ਨੇਂ ਪਰ ਹੁਣ ਤਕ ਮੈਂ ਉਨ੍ਹਾਂ ਦੇ ਦੋ ਚਾਰ ਗੁਣ ਈ ਦੱਸੇ ਨੇਂ। ਇਹ ਕਿਸੇ ਕਹਾਣੀ ਕਾਰ ਦੀ ਵੱਡੀ ਕਾਮਯਾਬੀ ਹੁੰਦੀ ਏ ਕਿ ਪੜ੍ਹਨ ਹਾਰ ਕੋਲ ਉਹਦੀ ਰੱਚਨਾ ਬਾਰੇ ਕਹਿਣ ਲਈ ਬਹੁਤ ਕੁਝ ਹੋਵੇ।

"ਢਾਹ ਲੱਗੀ ਵੱਸਤੀ" ਦੀਆਂ ਕਹਾਣੀਆਂ ਆਪਣਾ ਲੋਹਾ ਮਨਵਾਂਦੀਆਂ ਨੇਂ ਤੇ ਅੱਦਬ ਪਾਰਖਾਂ ਤੇ ਕਹਾਣੀ ਦੇ ਪੜਚੋਲੀਆਂ ਨੂੰ ਇਹ ਪਰੇਰਨਾ ਵੀ ਦੇਂਦੀਆਂ ਨੇਂ ਕਿ ਉਹ ਜਿੱਥੇ ਉਨ੍ਹਾਂ ਨੂੰ ਗੋਹ ਨਾਲ ਪੜ੍ਹਨ ਪਰਖਣ, ਵਾਚਣ ਤੇ ਉਨ੍ਹਾਂ ਦਾ ਸਵਾਦ ਮਾਨਣ ਓਥੇ ਈ ਉਨ੍ਹਾਂ ਬਾਰੇ ਕੁਝ ਕਹਿਣ ਦੀ ਰੀਝ ਵੀ ਜ਼ਾਹਿਰ ਕਰਣ। ਇਹੀ ਮਲਿਕ ਮਿਹਰ ਅਲੀ ਦੀ ਕਹਾਣੀ ਦਾ ਸਭ ਤੋਂ ਵੱਡਾ ਕਮਾਲ ਏ।

ਇਲਿਆਸ ਘੁਮਣ
ਲਾਹੌਰ– **14** ਜੂਨ **2007**

# ਇਹੋ ਕਹਾਣੀ ਏ



ਖ਼ੂਹ ਤੱਸੇ ਈ ਖਟਦੇ ਨੇਂ।

"ਜਿਹੋ ਜਿਹਾ ਕੰਮ ਤੁਹਾਡਾ ਏ, ਤੁਸੀਂ ਡੇਰਾ ਕਦਾਈਂ ਰਾਹ ਤੇ ਬਣਾ ਲਵੋ ਹਾ। ਪਿੰਡੇ ਵਿਚ ਰੱਤ ਬੀਮਾਰੀਆਂ ਨਾਂ ਛਡੀ। ਤਨ ਤੇ ਜੇ ਕੋਈ ਲੀਰ ਬਚੀ ਹਾਈ ਤਾਂ ਉਹ ਰਾਹ ਦੀਆਂ ਝਾੜੀਆਂ ਪਾੜ ਛਡੀ। ਬੀਮਾਰ ਤਾਂ ਉਂਜ ਈ ਮੋਇਆ ਮੁੱਕਾ ਹੁੰਦਾ ਹੈ, ਉੱਤੋਂ ਇਹ ਰਾਹ ਪਵਾੜੇ। ਸ਼ਾਲਾ ਕੋਈ ਵੈਲ ਨੂੰ ਨਾਂ ਪੈ ਜਾਵੇ।"

ਇਹੋ ਜਹੀਆਂ ਗੱਲਾਂ ਕਰਦਾ ਉਹ ਸਰ ਦੀ ਫੂੜ੍ਹੀ ਤੇ ਨਿਮੋ ਝਾਣਾ ਹੋ ਕੇ ਬਹਿ ਗਿਆ।

ਹਕੀਮ ਹੋਰਾਂ ਸਾਰਾ ਕੁਝ ਮੁਸਕਾਣ ਨਾਲ ਸੁਣ ਲਿਆ ਤੇ ਉਹਨੂੰ ਹਥ ਦੇ ਇਸ਼ਾਰੇ ਨਾਲ ਧੀਰਜ ਦੇ ਕੇ ਬੋਲੇ:

"ਮੀਆਂ ਹਿਕ ਖ਼ੂਹ ਕਿਤਨਿਆਂ ਤੱਸਿਆਂ ਕੋਲ ਅਪੜੇ। ਡੇਰਾ ਤਾਂ ਰਾਹ ਤੇ ਈ ਹਾ। ਰਾਹ ਓਵੇ ਹੁੰਦੇ ਨੇਂ ਜਿਨ੍ਹਾਂ ਤੇ ਬੰਦੇ ਟੁਰਨ। ਇੱਥੇ ਹਰ ਬੰਦੇ ਦਾ ਆਪਣਾ ਰਾਹ ਏ। ਕਿਸੇ ਦਾ ਸੌਖਾ ਤੇ ਕਿਸੇ ਦਾ ਔਖਾ। ਮੇਰੇ ਡੇਰੇ ਦਾ ਰਾਹ ਥੋੜਾ ਨੀਵਾਂ ਉੱਚਾ ਏ, ਤਾਹੀਂ ਆਮ ਲਾਘਾ ਘਟ ਏ। ਤੂੰ ਦਸ ਖ਼ੈਰੀਂ ਆਇਆ ਏਂ?"

ਇਹ ਸੁਣ ਬੀਮਾਰ ਦੇ ਨਾਲ ਦਾ ਯਕਦਮ ਬੋਲਿਆ:

"ਇਹ ਕੁਝ ਦੱਸਣ ਜੋਗਾ ਹੁੰਦਾ ਤੇ ਸਾਨੂੰ ਕਿਹੜੇ ਝੋਰੇ ਹਾਇਨ। ਇਹਦੇ ਵੈਲ ਪੁਣੇ ਸਾਨੂੰ ਕੱਖੋਂਨੂੰ ਹੋਲਾ ਕਰ ਛੱਡਿਆ ਏ। ਇਹਦੀ ਮਰਜ਼ ਬੜੀ ਅਵੱਲੀ ਏ। ਇਲਾਜ ਇਹ ਨਹੀਂ ਕਰਦਾ, ਸ਼ਰੀਕ ਮਹਿਣੇ ਸਾਨੂੰ ਮਾਰਦੇ ਨੇਂ। ਇਹ ਤਾਂ ਹੁਣ ਵੀ ਨਾਹੂ ਆਉਂਦਾ, ਮੈਂ ਧੰਗਾਣੇ ਲੈ ਕੇ ਆਇਆਂ।"

ਬੀਮਾਰ ਦਾ ਸੰਗਤੀ ਆਖਣ ਲਗਾ:

"ਹੁਣ ਇਹਦੀ ਬੀਮਾਰੀ ਦੀ ਹਕੀਕਤ ਸੁਣ ਲੋ। ਆਹੰਦੇ ਨੇਂ ਜੂ ਇਹ ਸ਼ੂਮ ਏ। ਇਹਨੂੰ ਕੰਜੂਸੀ ਤੇ ਬਖ਼ੀਲੀ ਆਲੀ ਮਰਜ਼ ਏ। ਇਸ ਸਾਰੀ ਉੱਮਰੇ ਕਿਸੇ ਨਾਲ ਕੋਈ ਚੰਗਾ ਬੁਲਾਰਾ ਯਾਂ ਚੰਗਾ ਅੱਖਰ ਨਹੀਂ ਵਟਾਇਆ। ਸਾਡੀ ਜਾਚੇ ਇਹਦੇ ਕੋਲ ਜਿਤਣੇ ਵੀ ਚੰਗੇ ਤੇ ਸੁਭਾ ਆਲੇ ਅੱਖਰ ਹਾਇਨ ਉਨ੍ਹਾਂ ਵਿਚੋਂ ਘਣੇ ਮਰ ਗਏ ਨੇਂ ਤੇ ਰਹੀਆਂ ਰਵਨਿਆਂ ਨੂੰ ਜ਼ਿੰਗਾਲ ਲਗ ਗਈ ਏ। ਰਲ ਵੱਸਦਿਆਂ ਵਿਚੋਂ ਕਈਆਂ ਦਾ ਆਖਣ ਏ ਭਈ ਇਹ ਚੰਗੇ ਅੱਖਰ ਜੱਮਣ ਤੋਂ ਪਹਿਲਾਂ ਈ ਮਾਰ ਛੱਡਦਾ ਏ। ਕਈ ਆਖਦੇ ਨੇਂ ਇਹਦੀ ਰੂਹ ਨੂੰ ਘੁਣ ਲਗਾ ਹੋਇਆ ਏ। ਜੇਕਰ ਇਹ ਗੱਲਾਂ ਆਮ ਨਹੀਂ ਤੇ ਇਹ ਮੂੰਹ ਤੇ ਬੈਠਾ ਏ, ਬੋਲੇ।"

"ਰੋਗੀ ਆਪਣੇ ਰੋਗ ਨੂੰ ਸੱਭ ਤੋਂ ਵਧ ਜਾਣਦਾ ਏ, ਉਹ ਵੀ ਬੋਲੇ।"

ਹਕੀਮ ਹੋਰਾਂ ਪਰਤਾਵਾ ਦਿੱਤਾ।

ਰਵਗੀ ਜਿਹੜਾ ਰਾਹ ਦੀਆਂ ਝਾੜੀਆਂ ਦੇ ਕੰਡੇ ਲਗਣ ਨਾਲ ਆਪਣੀ ਪਿਲਿਆਂ ਵਿਚੋਂ ਸਿਮਦੀ ਰੱਤ ਨੂੰ ਹੱਥ ਦੀਆਂ ਤੱਲੀਆਂ ਨਾਲ ਪੂੜਦਾ ਪਿਆ ਹਾ, ਬੋਲਿਆ:

"ਜਿਤਣੇ ਮੂੰਹ ਉੱਤਣੀਆਂ ਗੱਲਾਂ। ਮੈਂ ਨਾਂ ਤੇ ਜਮਾਂਦਰੂ ਸ਼ੂਮ ਹਾਂ ਤੇ ਨਾਂ ਈ ਸ਼ੂਮਾਂ ਆਲੀ ਮੈਨੂੰ ਔਲ ਏ। ਚਲੋ! ਇਨ੍ਹਾਂ ਜਿਤਣੀ ਅਕਲ ਮੇਰੇ ਵਿਚ ਨਾਂ ਹੋਸੀ, ਪਰ ਮੈਂ ਘਰੋਂ ਬਾਹਰ ਤੇ ਨਹੀਂ ਸੁਟ ਆਉਂਦਾ। ਮੈਂ ਇਨ੍ਹਾਂ ਸਾਰਿਆਂ ਨਾਲ ਵੱਲ ਵਰਤ ਕੇ ਵੇਖਿਆ। ਜਿਵੇਂ ਜਿਵੇਂ ਵੇਲਾ ਟੁਰਦਾ ਰਿਹਾ ਸਾਡੇ ਵਿਚਕਾਰ ਵਿਥ ਵੱਧਦੀ ਗਈ ਤੇ ਇਹ ਮੇਰੇ ਕੋਲੋਂ ਦੂਰ ਹੁੰਦੇ ਗਏ। ਅਜ ਤਾਈਂ ਮੈਂ ਇਨ੍ਹਾਂ ਨਾਲ ਕਾਈ ਭੈੜੀ ਤਾਂ ਨਹੀਂ ਕੀਤੀ। ਕੋਈ ਵਾਧਾ ਕਰਨਾ ਤਾਂ ਦੂਰ ਦੀ ਗਲ ਏ ਮੈਂ ਇਨ੍ਹਾਂ ਪਾਰੋਂ ਕਦੇ ਮੰਦਾ ਵੀ ਨਹੀਂ ਸੋਚਿਆ।"

ਰੋਗੀ ਹਿਕ ਵਾਰੀ ਚੁੱਪ ਕਰ ਗਿਆ ਤੇ ਥੋੜੇ ਚਿਰ ਮਗਰੋਂ ਬੋਲਿਆ:

"ਹਕੀਮ ਸਾਹਿਬ! ਮੁਕਦੀ ਕਰੀਏ, ਚਲੋ ਤੁਹਾਡੇ ਤੇ ਰਹੀ, ਤੁਸੀਂ ਗੱਲਾਂ ਸੁਣ ਕੇ ਨਿਆਂ ਕਰ ਛਡੋ।"

ਜਦੋਂ ਸਿਝ ਦਾ ਸਾਥ ਦੇਵਣ ਆਲੇ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ, ਓਦੋਂ ਸਾਡੇ ਵਸੇਬੋਂ ਸੱਚ ਉਚਾਲਾ ਕੀਤਾ। ਮੈਂ ਬੂਹੇ ਬੂਹੇ ਜਾ ਕੇ ਸਾਰਿਆਂ ਦੀਆਂ ਮਿਨਤਾਂ ਕੀਤੀਆਂ ਜੂ ਸੱਚ ਨੂੰ ਉਚਲਣ ਤੋਂ ਠੱਲੀਏ। ਮੇਰੇ ਨਾਲ ਕਿਸੇ ਚਾਰਾ ਨਾਂ ਕੀਤਾ। ਇਸ ਉਚਾਲੇ ਤੋਂ ਪਿੱਛੋਂ ਸਾਡੇ ਵਸੇਬ ਕਦੇ ਨਰੋਈ ਧੁਪ ਨਹੀਂ ਨਿਕਲੀ।

ਜਿਹੜੇ ਸਾਲ ਵੇਲੇ ਦੀ ਨੈਂ ਦੇ ਤਾਰੂ ਪਾਣੀਆਂ ਦਾ ਤਾਰੂ ਧੀ ਦੇ ਹੰਜੂਆਂ ਆਲੇ ਹਾਥ ਪਾਣੀ ਵਿਚ ਬੁਡ ਕੇ ਮੋਇਆ ਓਹਦੇ ਬੁਡਣ ਤੋਂ ਪਹਿਲਾਂ ਮੈਂ ਉਹਦੀ ਧੀ ਦੇ ਸੋਹਰਿਆਂ ਨਾਲ ਗਲ ਕਰਣ ਦਾ ਆਖਿਆ। ਇਨ੍ਹਾਂ ਵਿਚੋਂ ਕਿਸੇ ਮੇਰੇ ਨਾਲ ਪੈਰ ਵੀ ਨਾਂ ਦਿੱਤਾ। ਇਸੇ ਮੌਤ ਮਰਣ ਆਲਿਆਂ ਦਾ ਸੁਨੇਹਾ ਕਦ ਕਦਾਈਂ ਹੁਣ ਵੀ ਆਉਂਦਾ ਰਹਿੰਦਾ ਏ।

ਇਸ ਵਸੇਬ ਦੀਆਂ ਆਸਾਂ ਚੋਰੀ ਹੋਈਆਂ, ਇੱਥੋਂ ਦੇ ਸੁਫਨੇ ਸਣੇ ਅਖੀਂ ਲੁਟੇ ਗਏ, ਇੱਥੋਂ ਦੇ ਬੱਦਲ ਬੇ ਦੋਸ਼ੇ ਢਕੇ ਗਏ। ਇਸ ਵਸੇਬ ਦੀਆਂ ਸੱਧਰਾਂ ਨੂੰ ਸਣੇ ਇਰਾਦਿਆਂ ਸੰਨ੍ਹ ਲਗੀ। ਵਾਹਰ ਤੇ ਖੋਜੀਆਂ ਚੋਰ ਤਾਂ ਲਭ ਘਤੇ ਪਰ ਖੜਿਆ ਮਾਲ ਮੁੜਵਾਣ ਲਈ ਇਨ੍ਹਾਂ ਕੋਈ ਹੀਲਾ ਤਾਂ ਨਾਂ ਕੀਤਾ, ਹਰ ਬਣੀ ਤੇ ਪਹਿਲਾਂ ਵਾਂਗ ਸਿਰਫ਼ ਦਲੀਲਾਂ ਕਰਦੇ ਰਹੇ।

ਜਦੋਂ ਜੱਫਾ ਮਾਰਾਂ ਦੀ ਸ਼ਹਿ ਤੇ ਉਨ੍ਹਾਂ ਦੇ ਹਿਕ ਰਾਖਵੇਂ ਚਾਨਣ ਲੈਣ ਗਏ ਬਾਲਾਂ ਵਿਚੋਂ ਹਿਕ ਨੂੰ ਵਟ ਬੱਤੀ ਆਲਾ ਹਿੱਸਾ ਨਾਂ ਤਾਰਣ ਪਾਰੋਂ ਡਿੰਗੀ ਸੋਟੀ ਨਾਲ ਝੰਬਿਆ ਓਦੋਂ ਸਾਡੇ ਤਲ ਭੋਈਂ ਅੰਬ ਆਇਆ। ਮੈਂ ਆਖਿਆ ਭਈ ਯਾਂ ਤਾਂ ਵਿਲਛ ਕੇ ਹਿੱਸਾ ਭਰੀਏ ਯਾਂ ਜੱਫਾ ਮਾਰਾਂ ਨਾਲ ਗਲ ਕਰੀਏ। ਗਲ ਟੁਰੀ ਤਾਂ ਸਹੀ ਪਰ ਨਾਂ ਹੋਇਆਂ ਵਰਗੀ। ਸਾਡੇ ਤਲ ਅਜੇ ਵੀ ਭੋਈ ਅੰਬ ਆਉਂਦੇ ਨੇਂ।

ਜਦੋਂ ਸਾਡਾ ਵਸੇਬ ਸਣੇ ਵੇਲੇ ਸ਼ਿਕਾਰੀਆਂ ਕੋਲ ਢੱਕਿਆ ਰਿਹਾ ਓਦੋਂ ਕਾਲੀਆਂ ਰਾਤਾਂ ਵਰ੍ਹਿਆਂ ਤੋਂ ਲੰਮੀਆਂ ਹੋਈਆਂ। ਕਈ ਧੱਮੀ ਦਾ ਰਾਹ ਤਕਦੇ ਤਕਦੇ ਅੰਨ੍ਹੇ ਹੋ ਗਏ। ਸ਼ਿਕਾਰੀਆਂ ਦੀ ਮਾਰ ਨਾਲ ਸਾਡੇ ਵੇਲੇ ਦੇ ਪੈਰ ਵਿਚ ਲੰਗਾ ਆ ਗਿਆ। ਸਾਡੇ ਤੇ ਦੂਈਆਂ ਵਸੇਬਾਂ ਵਿਚਕਾਰ ਨਸਲਾਂ ਦੀ ਵਿਥ ਪੈ ਗਈ।

ਇਨ੍ਹਾਂ ਸਾਰੀਆਂ ਗੱਲਾਂ ਤੋਂ ਪਿੱਛੋਂ ਇਹ ਪੱਕ ਹੋ ਗਿਆ ਜੂ ਇਹ ਵਸਦੀ ਜਾਅ ਨਹੀਂ, ਗੁਸਤਾਨ ਏ ਤੇ ਗੁਸਤਾਨ ਵਿਚ ਸੱਦ ਮਾਰਣ ਦਾ ਫ਼ੈਦਾ ਕੋਈ ਨਾਹਓ। ਮੈਂ ਚੁਪ ਕਰ ਗਿਆ।"

ਬੀਮਾਰ ਥੋੜਾ ਚਿਰ ਸਾਹ ਲੈ ਕੇ ਮੁੜ ਬੋਲਿਆ:

ਇਹੋ ਜਹਿਆਂ ਵਾਧਿਆਂ ਨੂੰ ਠੱਲਣ ਲਈ ਇਨ੍ਹਾਂ ਸਾਥ ਤਾਂ ਨਾਂ ਦਿੱਤਾ ਉਲਟਾ ਇਹ ਮੈਨੂੰ ਰੋਗੀ ਤੇ ਸ਼ੂਮ ਆਖਣ ਲਗ ਪਏ ਤੇ ਕਈ ਵੈਲੀ ਤੇ ਬੀਮਾਰ ਆਖ ਕੋੜੇ ਦਾਰੂ ਕਾਵਣ ਦੀਆਂ ਸਲਾਹਵਾਂ ਦੇਂਦੇ ਨੇਂ।

ਹਕੀਮ ਸਾਹਿਬ! ਤੁਸਾਂ ਸਾਰੀਆਂ ਸੁਣ ਲਈਆਂ ਨੇਂ, ਹੁਣ ਤੁਸਾਂ ਦਸਣਾਂ ਏਂ ਜੂ ਕੋੜੇ ਦਾਰੂ ਦੀ ਲੋੜ ਕਿਸ ਨੂੰ ਏ......?

**ਮਲਿਕ ਮਿਹਰ ਅਲੀ**
ਮਕਾਨ ਨੰ:17, ਗਾਲੀ ਨੰ:11
ਗਾਰਡਨ ਟਾਊਨ, ਨਿਊ ਸ਼ਕਰਿਆਲ, ਖਨਾ ਡਾਕ
ਇਸਲਾਮ ਆਬਾਦ – ਪਾਕਿਸਤਾਨ
ਫ਼ੋਨ ਨੰ: **0092–51–9235456**
**0333–5220713**

# ਉਦਾਸਾ



ਇਹ ਰੂਹਾਂ ਨੂੰ ਸਿਵੀ ਲਗਣ ਤੋਂ ਕੁਝ ਸਾਲ ਪਹਿਲਾਂ ਦੀ ਗੱਲ ਏ।

ਭਾਵੇਂ ਗੁਜ਼ਰੇ ਵਰ੍ਹੇ ਹਿਕ ਨਾਮੀ ਗਰਾਮੀ ਬਾਜ਼ੀ ਗਰ ਆਪਣੇ ਕੱਦੋਂ ਵੱਡੀ ਛਾਲ ਮਾਰਣ ਆਲਾ ਕਰਤਬ ਵਖਾਂਦਾ ਆਪਣੇ ਹਥ ਪੈਰ ਭਨਾ ਬੈਠਾ ਹਾ, ਮੁੜ ਵੀ ਇਸ ਸਾਲ ਉੱਚੇ ਟਿੱਬੇ, ਪੂਰੇ ਵਸੇਬ ਦੇ ਨਿੱਕੇ ਵੱਡੇ ਕਰਤਬ ਬਾਜ਼, ਮਦਾਰੀ ਤੇ ਬਾਜ਼ੀ ਗਰ ਵੱਨ ਪਵੱਨੇ ਤਮਾਸ਼ੇ ਵਖਾਣ ਲਈ ਇਕੱਠੇ ਹੋ ਗਏ। ਉਨ੍ਹਾਂ ਵਿਚ ਕੁਝ ਅਜਿਹੇ ਵੀ ਹਾਇਨ ਜਿਨ੍ਹਾਂ ਦੇ ਤਮਾਸ਼ਿਆਂ ਦੀ ਮਸ਼ਹੂਰੀ ਪੂਰੇ ਜਗ ਤੇ ਹਾਈ। ਹੱਥ ਪੈਰ ਭਨਾਵਣ ਆਲੇ ਕਰਤਬ ਬਾਜ਼ ਦੇ ਪਿਛਲੇ ਇੰਜ ਦਾ ਡਰੇ ਜੂ ਉਹ ਤਮਾਸ਼ਾ ਕਰਣ ਆਲਾ ਕੰਮ ਛਡ ਕੇ ਤਮਾਸ਼ਾ ਵੇਖਣ ਆਲਿਆਂ ਵਿਚ ਰੱਲ ਗਏ। ਤਮਾਸ਼ਾ ਵੇਖਣ ਲਈ ਬੜੀ ਖ਼ਲਕਤ ਇਕੱਠੀ ਹਾਈ।

ਤਮਾਸ਼ਾ ਸ਼ੁਰੂ ਹੋਇਆ ਤਾਂ ਨਿੱਕੇ ਨਿੱਕੇ ਕਰਤਬਾਂ ਪਿਛੋਂ ਹਿਕ ਮਦਾਰੀ ਆਖਣ ਲਗਾ:

"ਅਸਾਂ ਖ਼ਾਸ ਵਰਕਾਂ ਉੱਤੇ ਹਿਕ ਅਨੋਖਾ ਤਵੀਤ ਬਣਾਇਆ ਏ। ਇਹੰਦੇ ਅਸਰ ਨਾਲ ਜੰਗਲ ਵਾਸੀ ਬੰਦਿਆਂ ਦੇ ਰੂਪ ਵਿਚ ਆ ਜਾਂਦੇ ਨੇਂ।" ਨਾਲ ਈ ਉਹਨੇ ਪਰਦਾ ਹਟਾ ਕੇ ਹਿਕ ਸਵਾਣੀ ਤੇ ਬੰਦਾ ਵਖਾਇਆ ਤੇ ਦੱਸਿਆ ਜੂ "ਇਹ ਸਵਾਣੀ ਪਹਿਲਾਂ ਲੂਮੜੀ, ਤੇ ਬੰਦਾ ਬਿਘਾੜ ਹਾ। ਇਹ ਰੂਪ ਇਹਨਾਂ ਨੂੰ ਸਾਡੇ ਤਵੀਤ ਨਾਲ ਥਿਆ ਏ।"

ਇਤਨੇ ਨੂੰ ਦੂਵਾ ਜਿਹੜਾ ਜੁੱਸਿਉਂ ਬਾਜ਼ੀ ਗਰ ਲਗਦਾ ਹਾ, ਤਵੀਤ ਦੀਆਂ ਸਿਫ਼ਤਾਂ ਕਰਦਿਆਂ ਆਖਣ ਲਗਾ:

"ਇਸ ਤਵੀਤ ਦਾ ਅਸਲ ਕੰਮ ਤੇ ਬੰਦਿਆਂ ਦੇ ਸੁੱਤੇ ਭਾਗ ਜਗਾਣਾ ਤੇ ਬਖ਼ਤਾਂ ਆਲੀਆਂ ਮਰੀਆਂ ਮਿੱਟੀਆਂ ਲੀਕਾਂ ਮੁੜ ਜੀਵਾਣਾ ਏ। ਕਈ ਥਾਹਰੀਂ ਇਸ ਮਰੂਸੀ ਮਰਜ਼ਾਂ, ਸਣੇ ਨਿਸ਼ਾਣਾਂ, ਇੰਜ ਮਿਟਾਈਆਂ ਨੇਂ ਜੂ ਬੰਦੇ ਹੁਣ ਓਥੇ ਉਨ੍ਹਾਂ ਮਰਜ਼ਾਂ ਦਾ ਨਾਂ ਵੀ ਭੁੱਲ ਗਏ ਨੇਂ। ਦੁਨੀਆ ਦਾ ਕਿਹੜਾ ਕੰਮ ਏ ਜਿਹੜਾ ਇਹੰਦੇ ਨਾਲ ਨਹੀਂ ਹੁੰਦਾ। ਹੋਰ ਤੇ ਹੋਰ ਇਹੰਦੇ ਨਾਲ ਭੁੰਨੇ ਵੀ ਜੰਮ ਪੌਂਦੇ ਨੇਂ। ਜਿਹਨੂੰ ਲੋੜ ਏ, ਵੱਡੇ ਡੇਰੇ ਸਲਾਮੀ ਦੇਵੇ।"

ਇਹੋ ਜਹੀਆਂ ਗੱਲਾਂ ਨਾਲ ਉਨ੍ਹਾਂ ਤਮਾਸ਼ਾ ਵੇਖਣ ਕੀਲਆ ਨੂੰ ਇੰਜ ਦਾ ਕੇਲਿਆ ਜੂ ਉਨ੍ਹਾਂ ਵਿਚੋਂ ਕਈ ਆਪਣੇ ਸੁੱਤੇ ਭਾਗ ਜਾਗਣ ਤੇ ਮਥੇ ਦੀਆਂ ਲੀਕਾਂ ਦੇ ਵੱਲ ਸਿੱਧੇ ਹੋਵਣ ਦੀ ਆਸ ਤੇ ਮੂੰਹੋਂ ਮੰਗੇ ਮੁਲ, ਤਵੀਤ ਲੈਣ ਲਈ ਤਿਆਰ ਹੋ ਗਏ। ਵੱਡੇ ਡੇਰੇ ਪੈਰ ਰਖਣ ਦੀ ਜਾਅ ਵੀ ਨਾ ਬਚੀ। ਖ਼ੈਰ ਬੱਚਿਆ ਤੇ ਤਵੀਤ ਲੈਣ ਆਲਿਆਂ ਦਿਆਂ ਘਰਾਂ ਵਿਚ ਵੀ ਕੁਝ ਨਾ, ਜਿਸ ਕੋਲ ਜੋ ਵੀ ਹਾ ਉਸ ਫੂਕ ਛੱਡਿਆ, ਹੋਰ ਤੇ ਹੋਰ ਕਈਆਂ ਮੂੰਹ ਦੇ ਵੱਤਰ ਵੀ ਬੋਲੀ ਵਿਚ ਲਾ ਛੱਡੇ।

ਭਲੇ ਵੇਲਿਆਂ ਵਿਚ ਸਿਝ ਆਲੇ ਦੇ ਡੇਰੇ ਵੀ ਉਹੰਦੇ ਕੋਲੋਂ ਚਾਨਣ ਮੜ੍ਹਿਆ ਤਵੀਤ ਲੈਣ ਲਈ ਇਵੇਂ ਖ਼ਲਕਤ ਢੁਕਦੀ ਹਾਈ। ਓਦੋਂ ਬੰਦੇ ਜੰਮਦੇ ਬਾਲ ਦੇ ਮੂੰਹ ਵਿਚ ਘੁੱਟੀ ਤੇ ਗਲ ਵਿਚ ਚਾਨਣ ਮੜ੍ਹਿਆ ਤਵੀਤ ਇਕੱਠਾ ਘਾਂਦੇ ਹਾਇਨ। ਉਸ ਵੇਲੇ ਸਿਝ ਆਲੇ ਦੀ ਬੜੀ ਮਾਣਤਾ ਹਾਈ। ਬੰਦੇ ਉਹੰਦਾ ਬਰਦਾ ਹੋਵਣ ਨੂੰ ਉੱਚਿਆਂ ਬਖ਼ਤਾਂ ਦੀ ਨਿਸ਼ਾਨੀ ਦਸਦੇ ਹਾਇਨ। ਮੁੜ ਜਿਵੇਂ ਜਿਵੇਂ ਮਦਾਰੀਆਂ ਤੇ ਬਾਜ਼ੀ ਗਰਾਂ ਦਾ ਵੱਲ ਫੇਰ ਵੱਧਦਾ ਗਿਆ, ਸਿਝ ਆਲੇ ਦੀ ਮਾਣਤਾ ਤੇ ਚਾਨਣ ਮੜ੍ਹੇ ਤਵੀਤ ਦਾ ਰਵਾਜ ਘਟਦਾ ਗਿਆ, ਪਰ ਹੁਣ ਦਾ ਵੇਲਾ ਤਾਂ ਸਿਝ ਆਲੇ ਤੇ ਸੈ ਔਖਾ ਹਾ।

ਇਨ੍ਹਾਂ ਔਖੇ ਵੇਲਿਆਂ ਵਿਚ ਹਿਕ ਦਿਹਾੜ ਜਦੋਂ ਸਿਝ ਆਲੇ ਵੱਡੇ ਡੇਰੇ ਝਾਤੀ ਮਾਰੀ ਤਾਂ ਉਹ ਉਹਨੂੰ ਆੜ੍ਹਤ ਵਾਂਗੂ ਲਗਾ। ਉਹਨੇ ਵੇਖਿਆ ਜੂ ਵਿਕਣ ਆਲੀ ਤਾਂ ਹਿਕੱਲੀ ਜਿਣਸ ਮਦਾਰੀਆਂ ਆਲਾ ਤਵੀਤ ਏ ਪਰ ਉਹੰਦੇ ਬਦਲੇ ਲੋਕੀ ਵੱਨੋ ਵੱਨ ਦੀਆਂ ਅਣ ਮੁਲੀਆਂ ਜਿਣਸਾਂ ਦਿੱਤੀ ਜਾਂਦੇ ਨੇਂ। ਉਸ ਬੰਦਿਆਂ ਨੂੰ ਧਰੋਈਆਂ ਦਿੱਤੀਆਂ ਜੂ ਉਹ ਸੋਨੇ ਸਾਵੇਂ ਪਿੱਤਲ ਨਾ ਵਟਾਣ ਪਰ ਉਹੰਦੀ ਕਿਸੇ ਵੀ ਨਾ ਸੁਣੀ। ਉਲਟਾ ਉਨ੍ਹਾਂ ਵਿਚੋਂ ਕਈਆਂ ਉਹੰਦਾ ਗਿਲਾ ਵੱਡੇ ਡੇਰੇ ਆਲੇ ਨਾਲ ਜਾ ਕੀਤਾ। ਦੀਂਹ ਲਾਹੰਦੇ ਕੋਲ ਵੱਡੇ ਡੇਰੇ ਆਲਾ ਉਲਾਹਮਾ ਦੇਣ ਸਿਝ ਆਲੇ ਕੋਲ ਟੁਰ ਗਿਆ ਤੇ ਆਖਣ ਲਗਾ:

"ਪਿਉ ਦਾਦੇ ਤੋਂ ਤੈਂ ਦੇ ਲੜ ਲਗੇ ਹਾਈਂ ਪਰ ਸਾਨੂੰ ਅਜ ਤਾਈਂ ਭੁੱਖ ਤੱਸ ਤੇ ਔਖਿਆਈਆਂ ਸਿਵਾ ਥਿਆ ਕੀ? ਤੇਰੇ ਆਪਣੇ ਕੋਲੋਂ ਤਾਂ ਕੁਝ ਹੁੰਦਾ ਨਹੀਂ, ਜੇ ਕਿਸੇ ਹੋਰ ਪਾਸੋਂ ਸਾਡੀ ਕਿਸਮਤ ਦੀ ਝੋਲੀ ਕੁਝ ਪੌਣ ਲਗਾ ਏ, ਤੈਨੂੰ ਉਹ ਵੀ ਨਹੀਂ ਪਿਆ ਪੁਜਦਾ।"

ਸਿਝ ਆਲਾ ਅਗੋਂ ਬੋਲਿਆ:

"ਕੂੜਿਆਂ ਲਾਰਿਆਂ ਦਾ ਫ਼ੈਦਾ ਨਹੀਂ ਹੁੰਦਾ, ਜਿਹੜਾ ਕੋਲ ਹਾ ਤੁਹਾਥੋਂ ਲੁਕਇਆ ਨਹੀਂ ਤੁਹਾਨੂੰ ਹੁਣ ਕੋਈ ਅਵੱਲੀ ਔਖਿਆਈ ਨਾ ਆਈ ਏ! ਨੀਵੀਂ ਉੱਚੀ ਤਾਂ ਲਗੀ ਰਹਿੰਦੀ ਏ। ਲੰਮਿਆਂ ਪੰਧਾਂ ਵਿਚ ਟੋਏ ਟਿੱਬੇ ਆਉਂਦੇ ਰਹਿੰਦੇ ਨੇਂ, ਪਰ ਇਨ੍ਹਾਂ ਦੇ ਡਰ ਤੋਂ ਅਜ ਤਾਈਂ ਤੁਹਾਡੇ ਵਾਂਗੂ ਨਾ ਕਿਸੇ ਰਾਹ ਛੱਡਿਆ ਨਾ ਟੁਰਨਾ। ਰਹੇ ਮੱਥੇ ਦੇ ਲੇਖ ਤੇ ਹਥ ਦੀਆਂ ਲੀਕਾਂ, ਇਹ ਕਿਸੇ ਮਦਾਰੀ ਦੇ ਕਰਤਬ ਯਾਂ ਉਹੰਦੇ ਤਵੀਤ ਨਾਲ ਸਿੱਧੀਆਂ ਨਹੀਂ ਹੁੰਦੀਆਂ। ਜਦ ਵੀ ਹੋਈਆਂ ਸਾਈਆਂ ਦੇ ਚਾਰੇ ਨਾਲ ਸਿੱਧੀਆਂ ਹੋਸਣ। ਤੁਹਾਡੇ ਹਥ ਮਦਾਰੀਆਂ ਦਾ ਤਵੀਤ ਕੀ ਆਇਆ, ਤੁਸਾਂ ਤਾਂ ਹਰ ਸ਼ੈ ਛੱਡ ਡਿੱਤੀ।"

ਡੇਰੇ ਆਲੇ ਅਗੋਂ ਜਵਾਬ ਦਿੱਤਾ:

"ਅਸਾਂ ਕੋਈ ਅਚਰਜ ਤਵੀਤ ਨਹੀਂ ਲਏ। ਹੁਣ ਤੇ ਇਨ੍ਹਾਂ ਦਾ ਰਵਾਜ ਪੂਰੇ ਜਹਾਨ ਵਿਚ ਹੋ ਗਿਆ ਏ। ਅਸਾਂ ਤਾਂ ਹੁਣ ਤਾਈਂ ਕਿਸੇ ਨੂੰ ਘਾਟਾ ਹੋਇਆ ਨਹੀਂ ਸੁਣਿਆ। ਤੇਰੀ ਸਿੱਧ ਤੇ ਵੀ ਬੜਾ ਟੁਰ ਲਿਆ ਏ, ਅਧੀ ਖਲੜੀ ਰਾਹ ਦੇ ਕੰਡਿਆਂ ਵਿਚ ਰਹਿ ਗਈ। ਅਗਾਂਹ ਤਾਈਂ ਸਾਡੇ ਕੋਲੋਂ ਇਹ ਖਲ ਲੁਹਾਣ ਆਲਾ ਕੰਮ ਨਹੀਂ ਹੁੰਦਾ। ਅਸੀਂ ਬੁਡੀਏ, ਤਰੀਏ ਯਾਂ ਖੂਹ ਵਿਚ ਡਿੱਗੀਏ, ਤੈਨੂੰ ਕੋਈ ਉਲਾਹਮਾ ਨਹੀਂ ਦੇਂਦਾ। ਤੂੰ ਵੀ ਸਮਹਲ ਕੇ ਟੁਰ। ਕਲ ਕਲਾਂ ਕਿਸੇ ਉੱਚੀ ਨੀਵੀਂ ਬਣੀ ਦਾ

ਉਲਾਹਮਾ ਸਾਨੂੰ ਨਾ ਦੇਵੀਂ।"

ਸਿਝ ਆਲਾ ਆਖਣ ਲਗਾ:

"ਜੇ ਮੇਰੇ ਹੁੰਦਿਆਂ ਤੁਸੀਂ ਖੂਹ ਵਿਚ ਡਿੱਗ ਪਏ ਤਾਂ ਮੈਨੂੰ ਸਿਝ ਆਲਾ ਕਿਸ ਆਖਣਾ ਏ। ਬੁਡਦੀ ਬੇੜੀ ਦੀ ਹਾਨਤ ਤਾਂ ਮਲਾਹਾਂ ਨੂੰ ਈ ਹੁੰਦੀ ਏ। ਅਣ ਡਿੱਠੀਆਂ ਰਾਹਾਂ ਤੇ ਟੁਰ ਕੇ ਤੁਸੀਂ ਵੀ ਆਪਣੀ ਕਧੀ ਲਗਦੀ ਬੇੜੀ ਨਾ ਬੋੜੋ। ਰਹੀ ਮੇਰੇ ਨਾਲ ਵਾਧੇ ਘਾਟੇ ਦੀ, ਮੈਂ ਤੇ ਰੱਬ ਤੇ ਰਖੀ ਹੋਈ ਏ, ਮੁੜ ਵੀ ਕਿਸੇ ਉੱਚੀ ਨੀਵੀਂ ਬਣੀ ਤੇ ਕੋਈ ਤਾਂ, ਕਿਸੇ ਲੱਜੋਂ ਮੇਰੇ ਅਲੋਂ ਵੀ ਹਥ ਖੁਲ੍ਹਾ ਕਰਸੀ।"

ਡੇਰੇ ਆਲਾ ਅਗੋਂ ਹੱਸ ਕੇ ਟਿਚਕਰ ਕਰਦਾ ਆਖਣ ਲਗਾ:

"ਉਹ ਜ਼ਮਾਨੇ ਲਦ ਗਏ ਜਦੋਂ ਤੇਰੇ ਨਾਲ ਹਾਠਾਂ ਹੁੰਦੀਆਂ ਹਾਇਨ। ਹੁਣ ਤੇਰਾ ਸਾਥ ਕੋਈ ਟਾਵਾਂ ਟਾਵਾਂ ਕਰਸੀ। ਅਸੀਂ ਪਿਛਲੀ ਗੁਜ਼ਰੀ ਨੂੰ ਵੇਖ ਵਲਾ ਜਾਂਦੇ ਹਾਈਂ ਪਰ ਲਗਦਾ ਏ ਤੂੰ ਭਰਮ ਸੁਧਾ ਕੇ ਰਹਿਸੇਂ।"

ਡੇਰੇ ਆਲਾ ਇੰਜ ਦੀਆਂ ਤੱਤੀਆਂ ਕੋਸੀਆਂ ਕਰਦਾ ਆਪਣੇ ਘਰ ਮੁੜ ਆਇਆ।

ਇਸ ਲੜਾਈ ਝਗੜੇ ਤੋਂ ਥੋੜੇ ਦੀਂਹਾਂ ਪਿੱਛੋਂ ਵੱਡੇ ਡੇਰੇ ਆਲਿਆਂ ਦੀ ਢੇਰੀ ਪਿਛਲੀ ਰਾਤੀਂ ਤੁਲਣੀ ਸ਼ੁਰੂ ਹੋਈ ਤੇ ਸੋਝਲੇ ਹੋਵਣ ਤਾਈਂ ਢੇਰੀ ਤੋਲਣ ਆਲੇ ਮਸਾਂ ਅਖ਼ੀਰ ਤੇ ਅਪੜੇ। ਉਹ ਜਦੋਂ ਕੰਮੀਆਂ ਤੇ ਮੰਗਣ ਆਲਿਆਂ ਦਾ ਹਿੱਸਾ ਕਢਣ ਲਗੇ ਤੇ ਉਨ੍ਹਾਂ ਢੇਰੀ ਦੇ ਮਾਲਕ ਤੋਂ ਪੁੱਛਿਆ:

"ਸਿਝ ਆਲੇ ਲਈ ਕਿਤਨੀ ਤੋਲਣੀ ਏ?"

ਢੇਰੀ ਦਾ ਮਾਲਕ ਅਗੋਂ ਖਰਵੇ ਜਿਹੇ ਬੁਲਾਰੇ ਨਾਲ ਆਖਣ ਲਗਾ:

"ਕਿਹੜਾ ਸਿਝ ਆਲਾ, ਉਸ ਕਿਹੜੇ ਹਲ ਵਾਹੇ ਨੇਂ ਯਾਂ ਪੋਹ ਮਾਂਘ ਦੀਆਂ ਰਾਤਾਂ ਵਿਚ ਸੱਪਾਂ ਦੇ ਮੂੰਹ ਤੇ ਪੈਰ ਰਖ ਕੇ ਪਾਣੀ ਲਾਏ ਨੇਂ। ਤੂੰ ਕੰਮੀਆਂ ਦਾ ਹਿੱਸਾ ਤੋਲ, ਅਸਾਂ ਉਹਨੂੰ ਫੱਕਾ ਵੀ ਨਹੀਂ ਦੇਣਾ।"

ਢੇਰੀ ਤੋਲਣ ਆਲਾ ਆਖਣ ਲਗਾ:

"ਖ਼ੈਰ ਇਹ ਗਲ ਤਾਂ ਨਹੀਂ, ਦਿੰਹ ਹੋਵੇ ਭਾਵੇਂ ਰਾਤ, ਸਿਝ ਆਲੇ ਦਾ ਪੈਰ ਹਮੇਸ਼ ਰਹਿੰਦਾ ਈ ਸੱਪਾਂ ਦੇ ਮੂੰਹ ਤੇ। ਚਲੋ ਉਸ ਹਲ ਤਾਂ ਨਹੀਂ ਵਾਹੇ ਪਰ ਇਸ ਨੂੰ ਤਾਂ ਸਾਰੇ ਮੰਨਦੇ ਜੇ, ਜੇਕਰ ਉਹ ਆਉਂਦਾ ਜਾਂਦਾ ਝਾਤੀ ਨਾਂ ਮਾਰਦਾ ਤਾਂ ਢੇਰੀ ਤਾਂ ਦੂਰ ਦੀ ਗਲ ਹਾਈ ਤੁਹਾਡਾ ਤਾਂ ਬੀ ਵੀ ਕਾਵਾਂ ਚੁਗ ਲੈਣਾ ਹਾ। ਸਾਰੇ ਵਸੇਬ ਆਲਿਆਂ ਕੱਚੀ ਪੱਕੀ ਵਿਚੋਂ ਉਹਦਾ ਹਿੱਸਾ ਬਣਾਇਆ ਹੋਇਆ ਏ। ਸਾਰੇ ਦੇਂਦੇ ਨੇਂ, ਤੂੰ ਵੀ ਦੇ ਛੱਡ।"

ਢੇਰੀ ਦਾ ਮਾਲਕ ਉਹਦੀ ਗਲ ਟੁਕਦਿਆਂ ਹੋਇਆਂ ਬੋਲਿਆ:

"ਉਹਨੂੰ ਕੱਚੀ ਪੱਕੀ ਵਿਚੋਂ ਹਿੱਸਾ ਦੇਵਣ ਆਲੀ ਸਾਡੀ ਭੁਲ੍ਹ ਹਾਈ। ਉਹ ਤਾਂ ਭਲਾ ਹੋਵੇ ਮਦਾਰੀਆਂ ਦਾ ਜਿਨ੍ਹਾਂ ਇਸ ਚੱਟੀ ਤੋਂ ਸਾਡੀ ਜਾਨ ਛੁਡਾਈ ਏ, ਨਾਲੇ ਤੂੰ ਕੌਣ ਏਂ ਮੈਨੂੰ ਮੱਤਾਂ ਦੇਵਣ ਆਲਾ। ਤੈਨੂੰ ਜਿਹੜਾ ਆਖਿਆ ਏ ਉਹ ਕਰ।"

ਇਹ ਗਲ ਸੁਣ ਕੇ ਢੇਰੀ ਤੋਲਣ ਆਲੇ ਆਪਣੇ ਕੰਮੀਂ ਲਗ ਗਏ।

ਦੀਂਹ ਨਿਕਲੇ ਇਹ ਗਲ ਪੂਰੇ ਵਸੇਬ ਵਿਚ ਖਿਲਰ ਗਈ ਜੂ ਵੱਡੇ ਡੇਰੇ ਆਲਿਆਂ ਢੇਰੀ ਵਿਚੋਂ ਸਿਝ ਆਲੇ ਦਾ ਹਿੱਸਾ ਰਖ ਲਿਆ ਏ। ਜਿਨ੍ਹਾਂ ਦੀਆਂ ਢੇਰੀਆਂ ਰਹਿੰਦੀਆਂ ਹਾਇਨ ਉਨ੍ਹਾਂ ਵਿਚੋਂ ਘਣੀਆਂ ਵੇਖੋ ਵੇਖੀ ਇਹੋ ਕੀਤਾ। ਕੋਈ ਪਤਲਾ ਪੀਣਾ ਬੱਚਿਆ ਜਿਸ ਢੇਰੀ ਚੇਂਦਿਆਂ ਸਿਝ ਆਲੇ ਦੀ ਥੋੜੀ ਘਣੀ ਸਮ੍ਹਾਲ ਕੀਤੀ ਤੇ ਨਾਲ ਉਹਨੂੰ ਤਸੱਲੀ ਵੀ ਦਿੱਤੀ ਜੂ ਉਹ ਡੇਰੇ ਆਲਿਆਂ ਨਾਲ ਉਹਦੇ ਹਿੱਸੇ ਦੀ ਗਲ ਕਰਸਣ। ਢੇਰੀਆਂ ਦੇ ਕੰਮ ਮੁਕਣ ਤੋਂ ਕੁਝ ਦਿੰਹ ਪਿੱਛੋਂ ਹਿੱਸਾ ਦੇਵਣ ਆਲੇ ਉਂਗਲੀਆਂ ਗਿਣਵੇਂ ਬੰਦੇ ਵੱਡੇ ਡੇਰੇ ਟੁਰ ਗਏ। ਉਨ੍ਹਾਂ ਦਾ ਮਹੋਰੀ ਸਰਾਂ ਆਲਾ ਬੰਦਾ ਹਾ। ਜਦੋਂ ਗਲਾਂ ਸ਼ੁਰੂ ਹੋਈਆਂ ਤੇ ਉਨ੍ਹਾਂ ਵਿਚੋਂ ਹਿਕ ਬੋਲਿਆ:

"ਪਿਉ ਦਾਦੇ ਤੋਂ ਸਿਝ ਆਲੇ ਦੇ ਹਿੱਸੇ ਦੀ ਰੀਤ ਤੇ ਲੀਹ ਟੁਰੀ ਆਉਂਦੀ ਏ। ਅਸੀਂ ਇਹ ਰੀਤ ਨਾਂ ਭਨੀਏ ਤੇ ਚੰਗੀ ਗਲ ਏ। ਜੇ ਵੇਖਾ ਵੇਖੀ ਸਾਰੇ ਇੰਜ ਕਰਣ ਲਗ ਪਏ ਤਾਂ ਉਹ ਕਿਦਾਈਂ ਇੱਥੋਂ ਉਚਾਲਾ ਨਾਂ ਕਰ ਜਾਵੇ।"

ਡੇਰੇ ਆਲਾ ਜਿਹਦੇ ਸਿਰ ਦੀ ਕਾਲੀ ਪਗ ਇਨ੍ਹ ਹੋਇਆ ਨਾਗ ਜਾਪਦੀ ਹਾਈ, ਸੱਪ ਦੀ ਜਿਭ ਵਰਗੇ ਪਗੜੀ ਦੇ ਸ਼ਰੇ ਹਿਲਾਂਦਾ ਬੋਲਿਆ:

"ਪਿਉ ਦਾਦੇ ਦੀਆਂ ਪਿਉ ਦਾਦੇ ਨਾਲ ਟੁਰ ਗਈਆਂ, ਜਿਹਨੂੰ ਪੁੱਜਦਾ ਏ ਉਹ ਦੇਵੇ। ਮਦਾਰੀਆਂ ਆਲੇ ਤਵੀਤ ਤੋਂ ਪਿੱਛੇ ਸਾਡਾ ਤੇ ਉਂਜ ਵੀ ਉਹਦੇ ਨਾਲ ਵਲ ਫੇਰ ਘੱਟ ਏ। ਸਿੱਧੀ ਗਲ ਏ ਸਾਨੂੰ ਹੁਣ ਉਹਦੀ ਅਜਿਹੀ ਲੋੜ ਵੀ ਨਹੀਂ ਰਹੀ।"

ਆਇਆਂ ਬੰਦਿਆਂ ਵਿਚੋਂ ਹਿਕ ਹੈਰਾਨ ਹੋ ਕੇ ਬੋਲਿਆ:

"ਇਹ ਅਜ ਨਵੀਂ ਤੇ ਪਹਿਲੀ ਵਾਰੀ ਸੁਣੀ ਏ ਜੂ ਤੁਹਾਨੂੰ ਸਿਝ ਆਲੇ ਦੀ ਲੋੜ ਨਹੀਂ ਰਹੀ। ਆਪਣਾ ਉਹਦੇ ਨਾਲ ਪੀੜ੍ਹੀਆਂ ਦਾ ਸਾਂਗਾ ਏ, ਤਾਹੀਂ ਤਾਂ ਪਿਉ ਦਾਦੇ ਉਹਦਾ ਹਿੱਸਾ ਬਣਾਇਆ। ਪਿਉ ਦਾਦੇ ਨੂੰ ਇੰਜ ਨਾ ਛੱਡੋ। ਜੇਕਰ ਅਸਾਂ ਪਿਉ ਦਾਦੇ ਦੀ ਰੀਤ ਨੂੰ ਛੱਡਿਆ ਤੇ ਮੁੜ ਸਾਡਾ ਨਾਂ ਰਹਿਣਾ ਏ ਨਾਂ ਢੇਰੀ।"

ਡੇਰੇ ਆਲਾ ਅਗੋਂ ਕਾਉੜ ਨਾਲ ਬੋਲਿਆ:

"ਉਹ ਸਾਡੇ ਬਖ਼ਤਾਂ ਦਾ ਸ਼ਰੀਕ ਬਣੇ ਤੇ ਅਸੀਂ ਉਹੰਦੀਆਂ ਇਮਦਾਦਾਂ ਕਰੀਏ। ਸੋ ਹਥ ਰਸਾ, ਸਿਰੇ ਤੇ ਗਢ, ਅਸਾਂ ਉਹਨੂੰ ਚੁੱਕਾ ਵੀ ਨਹੀਂ ਦੇਣਾ। ਤੁਹਾਡੇ ਵਿਚੋਂ ਜਿਹਨੂੰ ਉਹੰਦੀ ਘਣੀ ਛਿਕ ਏ, ਉਹਨੂੰ ਆਪਣੇ ਰਲਾਵੇਂ ਕਰ ਲਵੇ ਯਾਂ ਆਪਣੀ ਮਾਲਕੀ ਉਹੰਦੇ ਨਾਂ ਕਰਾ ਛਡੇ।"

ਇਹ ਗਲ ਸੁਣ ਕੇ ਸਰਾਂ ਆਲਾ ਜਿਹੰਦਾ ਸਿਝ ਆਲੇ ਨਾਲ ਚੰਗੇਰਾ ਪੀਚ ਪਿਆਰ ਹਾ, ਬੋਲਿਆ:

"ਸਾਡੇ ਰਲਾਵੇਂ ਤਾਂ ਉਹ ਪਹਿਲਾਂ ਈ ਏ। ਲੋੜ ਪਈ ਤੇ ਮਾਲਕੀ ਵੀ ਉਹੰਦੇ ਨਾਂ ਕਰਾ ਛਡਸਾਈਂ। ਸਿਝ ਆਲੇ ਦਾ ਹਿੱਸਾ ਉਹੰਦਾ ਹਕ ਏ। ਆਹਮ ਲਾਹਮ ਤੇ ਝਾਤੀ ਮਾਰ ਲੈ, ਜਿਸ ਵੀ ਕੁਰਾਹੇ ਪੈ ਕੇ ਉਹੰਦਾ ਹਕ ਖਾਦਾ ਏ ਉਹਨੂੰ ਅਜ ਤਾਈਂ ਪੱਚਿਆ ਨਹੀਂ। ਪਚਣਾ ਤੁਹਾਨੂੰ ਵੀ ਨਾਹੀਂ।"

ਇਹੋ ਜਹੀਆਂ ਕਰਦੇ ਉਹ ਟੁਰ ਗਏ। ਗਲ ਜਿੱਥੇ ਹਾਈ ਓਥੇ ਈ ਰਹੀ।

"ਆਉ ਸਿਝ ਆਲੇ ਕੋਲ ਚਲੀਏ ਤੇ ਉਹਨੂੰ ਵੀ ਦਸ ਛੱਡੀਏ।"

ਨਾਲ ਦਿਆਂ ਵਿਚੋਂ ਕੋਈ ਵੀ ਓਸੇ ਵੇਲੇ ਤੱਤੇ ਤਾਈਂ ਓਥੇ ਜਾਣ ਤੇ ਤਿਆਰ ਨਾ ਹੋਇਆ। ਖ਼ੋਰੇ ਵੱਡੇ ਡੇਰੇ ਆਲਿਆਂ ਦੇ ਡਰ ਤੋਂ, ਕਿਸੇ ਕਵੇਲ ਦਾ ਬਹਾਨਾ ਕੀਤਾ ਤੇ ਕਿਸੇ ਧੱਮੀ ਗਲ ਕਰਨ ਦਾ ਆਖ ਕੇ ਟਾਲ ਛੱਡਿਆ। ਉਹ ਹਿਕੱਲਾ ਨਿਮੋ ਝਾਣਾ ਹੋ ਕੇ ਸਿਝ ਆਲੇ ਕੋਲ ਅੱਪੜਿਆ ਤੇ ਆਖਣ ਲਗਾ:

"ਅਸਾਂ ਆਪਣੇ ਵਲੋਂ ਪੂਰਾ ਤਰਾਣ ਤੇ ਸਾਰੇ ਔਟੇ ਲਾਏ ਨੇਂ ਪਰ ਉਹ ਕਿਸੇ ਰੁਖ਼ ਤੇ ਵੀ ਨਹੀਂ ਆਏ। ਲਗਦਾ ਏ ਉਹ ਮਦਾਰੀਆਂ ਆਲਾ ਕਰਤਬ ਵੇਖ ਕੇ ਰਾਹ ਖੜਾ ਬੈਠੇ ਨੇਂ, ਪਰ ਤੂੰ ਦਿਲ ਭੈੜਾ ਨਾ ਕਰ, ਹੋਰ ਕੋਈ ਰਲੇ ਨਾ ਰਲੇ, ਮੈਂ ਤੇਰੇ ਨਾਲ ਆਂ।"

ਇਹ ਗਲ ਕਰਕੇ ਉਹ ਘਰ ਆ ਗਿਆ। ਰਾਤ ਉਸ ਹਿਆਤੀ ਵਿਚ ਪਹਿਲੀ ਵਾਰੀ ਆਪਣੀ ਨੀਂਦਰ ਨੂੰ ਪਾਣੀ ਹੁੰਦਿਆਂ ਵੇਖਿਆ। ਉਹਨੂੰ ਲਗਾ ਜੇਕਰ ਨੀਂਦਰਾਂ ਪਾਣੀ ਹੋ ਜਾਣ ਤਾਂ ਵੇਸਬ, ਸਣੇ ਸੁਫ਼ਨਿਆਂ ਉਹੰਦੇ ਵਿਚ ਬੁਡ ਜਾਂਦੇ ਨੇਂ।

ਥੋੜੇ ਦੀਂਹਾਂ ਵਿਚ ਇਹ ਨਿਤਾਰਾ ਵੀ ਹੋ ਗਿਆ ਜੂ ਵਸਤੀ ਵਿਚ ਸਿਝ ਆਲੇ ਦਾ ਓਹੋ ਹਿਕੱਲਾ ਸਾਥੀ ਬੱਚਿਆ ਏ। ਓਦੋਂ ਸ਼ਿਝ ਆਲੇ ਵਸੇਬ ਵਿਚ ਵੱਸਦੀ ਆਪਣੀ ਬਰਾਦਰੀ ਦਾ ਸਾਥ ਲੈਣ ਲਈ ਉਨ੍ਹਾਂ ਵਲ ਹਿਕ ਸੁਨੇਹੋ ਟੋਰ ਦਿੱਤਾ। ਬਰਾਦਰੀ ਵੱਲੋਂ ਢਿਲੇ ਮਿੱਸੇ ਜਵਾਬ ਆਏ। ਕਿਸੇ ਲੰਮਿਆਂ ਪੱਧਾਂ ਦਾ ਕਿਸੇ ਨਿਗ੍ਹਾ ਦੀ ਕਮਜ਼ੋਰੀ ਦਾ ਤੇ ਕਿਸੇ ਰੁਤ ਤੇ ਰਾਹ ਦੀਆਂ ਔਕੜਾਂ ਦਾ ਬਹਾਨਾ ਕੀਤਾ। ਹਿਕ ਦੋ ਘਰਾਂ ਭੱਨੇ ਤਰੁੱਟੇ ਸਾਥ ਦਾ ਕਾਰਾ ਵੀ ਕੀਤਾ।

ਇਨ੍ਹਾਂ ਸੁਨੇਹਾਂ, ਕਾਰਿਆਂ ਤੇ ਤਾਂਘਾਂ ਵਿਚ ਪਿੜਾਂ ਤੇ ਢੇਰੀਆਂ ਦੀ ਰੁਤ ਮੁੜ ਆ ਗਈ। ਇਸ ਸਾਲ ਅਗੇ ਨਾਲੋਂ ਵੀ ਭੈੜੀਆਂ ਬਣੀਆਂ। ਸਿਰਫ਼ ਸਰਾਂ ਆਲੇ ਆਪਣੀ ਪਛੇਤਰੀ ਵਿਚੋਂ, ਸਿਝ ਆਲੇ ਦੀ ਸਮ੍ਹਾਲ ਕੀਤੀ। ਰਹੇ ਰਹਿੰਦੀ ਵਸਤੀ ਆਲੇ, ਕੋਈ ਸ਼ੈ ਦੇਵਣ ਤਾਂ ਦੂਰ ਦੀ ਗਲ ਹਾਈ, ਉਹ ਸਿਝ ਆਲੇ ਦੀ ਗਲੀ ਵੀ ਛੱਡ ਗਏ।

ਇਨ੍ਹਾਂ ਕਸ ਮਸ ਦੇ ਡੰਗਾਂ ਵਿਚ ਸਿਝ ਆਲਾ, ਸਰਾਂ ਆਲੇ ਨੂੰ ਆਖਣ ਲਗਾ:

"ਵੱਡੇ ਡੇਰੇ ਆਲਿਆਂ ਨੂੰ ਮਦਾਰੀਆਂ ਤੇ ਬਾਜ਼ੀ ਗਰਾਂ ਇਸ ਗਲ ਦਾ ਪੱਕ ਕਰਾ ਛੱਡਿਆ ਏ ਜੂ ਵੇਲੇ ਹੰਢੇ ਤੇ ਅਖੀਂ ਤੋਂ ਮੁਥਾਜ ਸਿਝ ਆਲੇ ਤੋਂ ਹੁਣ ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਰਿਹਾ। ਇਹ ਗਲ ਵੀ ਹੋਈ ਏ ਜੂ ਉਹੰਦੀ ਸਿਧ ਤੇ ਸਰਾਂ ਆਲਾ ਅਜੇ ਤਾਈਂ ਵਸੇਬ ਵਿਚ ਮਦਾਰੀਆਂ ਦੇ ਤਵੀਤ ਦੀ ਮਨਾਹੀ ਕਰਦਾ ਪਿਆ ਏ। ਉਹ ਇਸ ਗਲ ਤੇ ਹਿਕ ਹੋਏ ਨੇਂ ਜੋ ਹੁਣ ਸਰਾਂ ਆਲੇ ਦਾ ਸਮੂਲ ਵੀ ਕਰ ਈ ਛੱਡੀਏ।"

ਇਹ ਗਲ ਸੁਣ ਕੇ ਸਰਾਂ ਆਲਾ ਬੋਲਿਆ:

"ਮੈਨੂੰ ਜੀਂਦੇ ਸਾਹੀਂ ਤੇਰੇ ਨਾਲੋਂ ਫੋੜਨ ਆਲੀ ਉਨ੍ਹਾਂ ਦੀ ਭੁਲ ਏ। ਸੋਟੇ ਮਾਰਿਆਂ ਪਾਣੀ ਵਿਚ ਕਦੇ ਪਾੜ ਨਹੀਂ ਪਏ। ਰਹੇ ਮਦਾਰੀ ਤੇ ਉਨ੍ਹਾਂ ਦੇ ਤਵੀਤ, ਉਨ੍ਹਾਂ ਨੂੰ ਪਹਿਲੇ ਵੀ ਨਿੰਦਿਆ ਏ ਤੇ ਮੁੜ ਵੀ ਨਿੰਦਸਾਂ।"

ਇਨ੍ਹਾਂ ਗਲਾਂ ਤੋਂ ਥੋੜੇ ਦਿੰਹਾਂ ਪਿੱਛੋਂ ਸੜਾਂ ਆਲੇ ਨੂੰ ਵੱਡੇ ਡਰੇ ਵਿਚੋਂ ਸੱਦਾ ਆ ਗਿਆ। ਡੇਰੇ ਅਪੜਨ ਤੇ ਉਹ ਉਹਨੂੰ ਆਖਣ ਲਗੇ:

"ਮਦਾਰੀਆਂ ਤੇ ਉਨ੍ਹਾਂ ਦੇ ਤਵੀਤਾਂ ਦੀ ਨਿਕੋਹੀ ਤੇ ਤੇਰੇ ਸਿਝ ਆਲੇ ਨਾਲ ਸਾਂਗੇ ਦੀਆਂ ਸਾਂਗਾਂ ਦੀ ਰਿੜਕ ਸਾਡੇ ਸੀਨੇ ਵਿਚ ਏ। ਅਸੀਂ ਰਲ ਵੱਸਦਾ ਸਮਝ ਕੇ ਵਲਾਈ ਜਾਂਦੇ ਹਾਈਂ। ਤੂੰ ਵੀ ਕਿਸੇ ਗਲ ਨੂੰ ਵੇਖ ਤੇ ਉਸ ਵੇਲੇ ਹੰਢੇ ਸਿਝ ਆਲੇ ਦੀ ਸਿਧ ਤੇ ਵਸੇਬ ਦੇ ਬਖ਼ਤਾਂ ਦਾ ਸ਼ਰੀਕ ਨਾਂ ਬਣ। ਅਗਾਂਹ ਤੋਂ ਅਨਚਨ ਹਈ ਜੂ ਇਹ ਕੰਮ ਘਾਟਾ ਨਫ਼ਾ ਸਮ੍ਹਾਲ ਕੇ ਕਰੀਂ।"

ਉਸ ਅਗੋਂ ਕਾਉੜ ਨਾਲ ਜਵਾਬ ਦਿੱਤਾ:

"ਕਲ ਆਏ ਮਦਾਰੀਆਂ ਦਾ ਕਰਤਬ ਵੇਖ ਕੇ ਸਿਝ ਆਲੇ ਨਾਲ ਪੀੜ੍ਹੀਆਂ ਤੋਂ ਟੁਰਦਾ ਸਾਂਗਾ ਛਡ ਕੇ ਵਸੇਬ ਦੇ ਬਖ਼ਤਾਂ ਦਾ ਸ਼ਰੀਕ ਮੈਂ ਨਹੀਂ, ਤੁਸੀਂ ਬਣੇ ਨੇਂ। ਤੁਸਾਂ ਇਸ ਗਲ ਨੂੰ ਵੀ ਨਾਂ ਵੇਖਿਆ ਜੂ ਇਨ੍ਹਾਂ ਮਦਾਰੀਆਂ ਦਾ ਤਾਂ ਕੰਮ ਈ ਤਮਾਸ਼ਾ ਕਰਨਾ ਏ, ਅਜ ਇੱਥੇ ਤਮਾਸ਼ਾ ਤੇ ਕਲ ਓਥੇ। ਹੁੰਦਿਆਂ ਸਾਹੀਂ ਸਿਝ ਆਲੇ ਦਾ ਸਾਥ ਛਡਣ ਆਲਾ ਕੰਮ ਮੈਥੋਂ ਤਾਂ ਨਹੀਂ ਹੁੰਦਾ, ਤੁਹਾਨੂੰ ਤੇ ਨਾਹੀਂ ਪਰ ਮੈਨੂੰ ਤਾਂ ਪਿਉ ਦਾਦੇ ਦੀ ਲੱਜ ਹੈ।"

ਦੂਹਾਂ ਪਾਸੋਂ ਤੱਤੀਆਂ ਕੋਸੀਆਂ ਵਧਣ ਤੇ ਉਹ ਜਦੋਂ ਹਿਕ ਦੂਏ ਵਲ ਉਲਰੇ ਤਾਂ ਕੁਝ ਬੰਦੇ ਵਿਚ ਪੈ ਗਏ। ਉਨ੍ਹਾਂ ਨੂੰ ਉਰਾਂਹ ਪਰਾਂਹ ਕਰਕੇ ਆਖਣ ਲਗੇ:

"ਗਲ ਲਾਈਆਂ ਤੇ ਕਰਕੇ ਤੁਸੀਂ ਦੋਵੇਂ ਵਲ ਇਹ ਨਿੱਤ ਨਿੱਤ ਦਾ ਝੇੜਾ ਮੁਕਾ ਕਿਉਂ ਨਹੀਂ ਲੈਂਦੇ?"

ਸਰਾਂ ਆਲਾ ਬੋਲਿਆ:

"ਮੈਨੂੰ ਮਨਜ਼ੂਰ ਏ, ਲਾਈ ਮਿਥ ਲਓ।"

ਇਹ ਗਲ ਆਖ ਕੇ ਉਹ ਘਰ ਆ ਗਿਆ।

ਜਦੋਂ ਡੇਰੇ ਆਲਿਆਂ ਅਲੋਂ ਮਿੱਥੇ ਗਏ ਲਾਈਆਂ ਦਾ ਸਰਾਂ ਆਲੇ ਨੂੰ ਪਤਾ ਲਗਾ ਤੇ ਉਹੰਦੀ ਸਵਾਣੀ ਉਹਨੂੰ ਆਖਣ ਲਗੀ:

"ਮਿੱਥੇ ਗਏ ਲਾਈਆਂ ਵਿਚੋਂ ਕਿਸੇ ਨਾਲ ਡੇਰੇ ਆਲਿਆਂ ਦੀ ਉਠ ਘੋੜਿਆਂ ਦੀ ਸਾਂਝ ਤੇ ਭਾਈ ਵਾਲੀ ਏ, ਕਿਸੇ ਨਾਲ ਇਨ੍ਹਾਂ ਸਾਕ ਕੀਤੇ ਹੋਏ ਨੇਂ। ਇੱਥੇ ਜਿਹੜਾ ਨਿਆਂ ਹੋਸੀ ਮੈਨੂੰ ਪਤਾ ਏ......"

ਇਹ ਗਲ ਸੁਣ ਕੇ ਕੋਲੋਂ ਸਿੜ ਆਲਾ ਬੋਲਿਆ:

"ਇਸ ਵਸੇਬ ਆਲੇ ਜਦੋਂ ਦੇ ਮਦਾਰੀਆਂ ਆਲੇ ਤਵੀਤਾਂ ਦੇ ਖਿਲਮੇ ਪਏ ਨੇਂ ਇਨ੍ਹਾਂ ਦੇ ਮਨ ਵਿਚ ਚਾਨਣ ਕਰਨ ਆਲਾ ਡੀਵਾ ਤਮਏ ਦੀ ਫੂਕ ਨਾਲ ਮਰ ਗਿਆ ਏ। ਜੇ ਮਨ ਵਿਚ ਚਾਨਣ ਨਾਂ ਹੋਵੇ ਤੇ ਖਰੇ ਖੋਟੇ ਦੀ ਸਿਹਾਣ ਨਹੀਂ ਹੁੰਦੀ।"

ਇਹ ਸੁਣ ਸਰਾਂ ਆਲਾ ਆਖਣ ਲਗਾ:

"ਸਾਡੇ ਨਿਆਂ ਰੱਬ ਕੋਲ ਨੇਂ।"

ਇਤਨੇ ਨੂੰ ਡੇਰੇ ਵਿਚੋਂ ਹਿਕ ਬੰਦਾ ਉਹਨੂੰ ਸੱਦਣ ਆ ਗਿਆ।

ਉਹ ਡੇਰੇ ਅਪੜਿਆ ਜਿਹੜਾ ਲਾਈਆਂ ਤੇ ਤਮਾਸ਼ ਗੀਰਾਂ ਨਾਲ ਭਰਿਆ ਹੋਇਆ ਹਾ। ਜਦੋਂ ਉਸ ਡੇਰੇ ਆਲਿਆਂ ਵਲੋਂ ਮਿਥੇ ਗਏ ਲਾਈਆਂ ਵਲ ਨੀਝ ਲਾ ਕੇ ਵੇਖਿਆ ਤੇ ਉਹਨੂੰ ਇਹ ਸਾਰੇ ਲਾਈ ਅਸਲ ਵਿਚ ਬਿਘਾੜ ਤੇ ਬਾਂਦਰ ਦਿਸੇ, ਜਿਨ੍ਹਾਂ ਨੂੰ ਮਦਾਰੀਆਂ ਆਪਣੇ ਕਰਤਬ ਰਾਹੀਂ ਬੰਦਿਆਂ ਦੇ ਰੂਪ ਵਿਚ ਲਿਆਂਦਾ ਹੋਇਆ ਹਾ। ਹਿਕ ਲਾਈ ਸਰਾਂ ਆਲੇ ਵੀ ਮਿਥਿਆ ਹਾ, ਪਰ ਮੂੰਹ ਵਿਚ ਛਾਲੇ ਹੋਵਣ ਪਾਰੋਂ ਉਸ ਦੀਂਹ ਉਹ ਓਥੇ ਨਾਂ ਆਇਆ।

ਉਹ ਹਿਕੱਲਾ ਤੇ ਓਦੋਂ ਸਾਰਾ ਵਸੇਬ। ਗਲਾਂ ਸ਼ੁਰੂ ਹੋ ਗਈਆਂ। ਲਾਈਆਂ ਬੜੇ ਗਵੇੜ ਲਾਏ। ਕਈਆਂ ਡੇਰੇ ਤੋਂ ਬਾਹਰ ਜਾ ਕੇ ਉਸਾਰੇ ਵੀ ਕੀਤੇ। ਅਖ਼ੀਰ ਉਨ੍ਹਾਂ ਵਿਚੋਂ ਹਿਕ ਲਾਈ ਜਿਹੰਦੀ ਪੱਗ ਦਾ ਸ਼ਿਮਲਾ ਦੋਈਆਂ ਨਾਲੋਂ ਵੱਡਾ ਹਾ, ਫਲਦੀ ਡੀਗਰ ਬੋਲਿਆ:

"ਇਹ ਸਰਾਂ ਆਲਾ ਸਿੜ ਆਲੇ ਦੀ ਸਿਧ ਤੇ ਵਸੇਬ ਦੇ ਬੰਦਿਆਂ ਨੂੰ ਮਦਾਰੀਆਂ ਦੇ ਤਵੀਤ ਲੈਣ ਤੋਂ ਰੋਕਣ ਦਾ ਇਕਬਾਲੀ ਮੁਜਰਮ ਏ। ਇਸੇ ਰਾਹੀਂ ਇਹੰਦੇ ਉੱਤੇ ਵਸੇਬ ਦਿਆਂ ਬਖ਼ਤਾਂ ਦਾ ਸ਼ਰੀਕ ਬਨਣ ਦਾ ਜੁਰਮ ਵੀ ਸਾਬਤ ਹੁੰਦਾ ਏ। ਪੂਰੇ ਵਸੇਬ ਲਈ ਹਿਕ ਮਿਹਣਾ ਬਨਣ ਤੋਂ ਪਹਿਲਾਂ ਇਸ ਕਾਲਖ ਨੂੰ ਕਾਲੇ ਪਾਣੀ ਘਲਣ ਦੀ ਕਰੜੀ ਸਜ਼ਾ ਦਿੱਤੀ ਜਾਂਦੀ ਏ। ਰਿਹਾ ਵੇਲੇ ਹੰਢਿਆ ਸਿੜ ਆਲਾ, ਉਹ ਤਾਂ ਹੁਣ ਉਂਜ ਵੀ ਮੋਇਆਂ ਲੇਖੇ ਏ ਤੇ ਮੋਇਆਂ ਹੋਇਆਂ ਨੂੰ ਕਿਹੜੀ ਸਜ਼ਾ।"

ਇਹ ਸਜ਼ਾ ਸੁਣ, ਸਰਾਂ ਆਲਾ ਨਿਮ੍ਹਾ ਜਿਹਾ ਮੁਸਕਾਇਆ ਤੇ ਮੂੰਹ ਵਿਚ ਭੁਣਕਿਆ:

"ਸਾਈਂ ਲੱਜ ਰਖ ਲਈ। ਜੇ ਗਲ ਉਰਾਂਹ ਪਰਾਂਹ ਹੋ ਜਾਂਦੀ ਤੇ ਮੈਂ ਗੁਸਤਾਨ ਆਲਿਆਂ ਨੂੰ ਕਿਹੜਾ ਮੂੰਹ ਵਿਖਾਵਾਂ ਹਾ......"

ਉਹੰਦੀ ਘਰ ਆਲੀ ਬੁਤ ਬਣੀ ਸਾਰਾ ਕੁਝ ਵੇਖਦੀ ਸੁਣਦੀ ਰਹੀ। ਡਰਦਿਆਂ ਸਾਹ ਵੀ ਨਾਂ ਲਵੇ। ਮਤਾਂ ਇਸ ਨਾਲ ਉਹੰਦੇ ਘਰ ਆਲੇ ਦੀ ਸਜ਼ਾ ਵਿਚ ਹੋਰ ਵਾਧਾ ਨਾਂ ਹੋ ਜਾਵੇ। ਕੋਹਾਂ ਵਰਗੀ ਵਿਥ ਮੁਕਾ ਕੇ ਉਹੰਦੇ ਨੇੜੇ ਆਈ ਤੇ ਭੁਰਦੇ ਬੁਲਾਰੇ ਨਾਲ ਬੋਲੀ:

"ਤੈਨੂੰ ਮੈਂ ਪਹਿਲੇ ਦੀਂਹ ਆਖਿਆ ਹਾ ਜੁ ਤੇਰਾ ਇਹ ਕੋਈ ਘਣਾ ਲਗਦਾ ਏ, ਜਿਵੇਂ ਸਾਰੀ ਵਸਤੀ ਆਹੰਦੀ ਏ ਤੂੰ ਕਰ ਲੈ ਪਰ ਤੂੰ ਮੇਰੀ ਹਿਕ ਨਾ ਮੰਨੀ। ਵੇਖ ਲਿਆ ਈ ਨਾਂ ਅਖ਼ੀਰ ਸਿਰ ਦਾ ਭਾਰ ਪੈਰਾਂ ਤੇ ਆਇਆ ਏ।"


ਉਸ ਅਗੋਂ ਬੜੇ ਧੀਰਜ ਨਾਲ ਜਵਾਬ ਦਿੱਤਾ:

"ਹੋਸਲਾ ਰਖ ਭਲੀਏ ਲੋਕੇ! ਰੱਬ ਦੇ ਭਾਰ ਕੱਖਾਂ ਤੋਂ ਵੀ ਹੋਲੇ ਹੁੰਦੇ ਨੇਂ। ਤੂੰ ਮੇਰੀ ਫ਼ਿਕਰ ਛਡ ਤੇ ਅਸਲ ਦੀ ਖ਼ੈਰ ਮੰਗ।"

ਉਹ ਅਸਲ ਦੀ ਖ਼ੈਰ ਮੰਗਦਾ ਮੰਗਦਾ ਕੈਦ ਹੋ ਗਿਆ ਪਰ ਉਹੰਦੇ ਕੈਦ ਖ਼ਾਨੇ ਜਾਣ ਮਗਰੋਂ ਵੀ ਅਸਲ ਦੀ ਖ਼ੈਰ ਨਾਂ ਰਹੀ। ਹੋਇਆ ਇੰਜ:

ਰੂਹਾਂ ਨੂੰ ਸਿਵੀ ਲਗ ਗਈ। ਦਿੰਹ ਤੇ ਚਨ ਦੋਹਾਂ ਨੂੰ ਗਰਿਹਨ ਲਗਣ ਲਗ ਪਏ। ਵਾਵਾਂ ਜ਼ਹਿਰੀ ਤੇ ਪਾਣੀ ਖਾਰੇ ਹੋ ਗਏ। ਬਾਲ ਅੰਨ੍ਹੇ ਤੇ ਡੋਰੇ ਜਮਣ ਲਗ ਪਏ। ਹਥ ਨੂੰ ਹਥ, ਛੋਈਂ ਨੂੰ ਛੋਈਂ ਤੇ ਵਾਹੀ ਨੂੰ ਵਾੜ ਖਾਵਣ ਲਗ ਪਈ। ਉਹ ਵੇਲਾ ਵੀ ਆਇਆ ਜੁ ਵੱਸੋਂ ਦੀ ਅਖ਼ੀਰਲੀ ਨਿਸ਼ਾਨੀ ਪੱਖੂ ਵੀ ਓਥੋਂ ਉਚਾਲਾ ਕਰ ਗਏ, ਇਸ ਲਈ ਜੁ ਉਸ ਜਾ ਤੇ ਸਿਰਫ਼ ਲੂਮੜੀ ਤੇ ਬਿਘਾੜ ਤੋਂ ਬਨਣ ਆਲੇ ਸਵਾਣੀਆਂ ਬੰਦੇ ਈ ਰਹਿ ਸਕਦੇ ਹਾਇਨ, ਕੋਈ ਬਈ ਸ਼ੈ! ਨਹੀਂ।

# ਤਾਂਘ



ਗ਼ੁਲਾਂਮੀ ਵਾਲੇ ਜ਼ਮਾਨੇ ਵਿਚ ਬਰਦਿਆਂ ਨੂੰ ਲੱਗਣ ਆਲਾ ਠੱਪਾ

ਹੰਜੂਆਂ ਆਲੀ ਤਾਂ ਐਵੇਂ ਗਲ ਬਣੀ ਹੋਈ ਏ, ਅਸਲ ਵਿਚ ਡੋਈਂ ਤੇ ਸੱਪਾਂ ਦੀ ਵਿਸ ਨਾਲ ਕਲਰਾਠੀਆਂ ਹੋਈਆਂ ਹਾਇਨ।

ਸੌਣ ਆਲਾ ਤਾਂ ਬਸ ਨਾਂ ਹਾ, ਉਸ ਗੱਭਰੂ ਦੀ ਸਾਰੀ ਰਾਤ ਤਾਰਿਆਂ ਨਾਲ ਲਗੀ ਰਹਿੰਦੀ।

ਕਾਲੀਆਂ ਰਾਤਾਂ ਦੇ ਲਖ ਘਾਟੇ ਸਹੀ ਪਰ ਹਿਕ ਫ਼ੈਦਾ ਵੀ ਹੈ ਜੁ ਜਗਰਾਤੇ ਝਾਗਣ ਆਲਿਆਂ ਨੂੰ ਤਾਰੇ ਗਿਨਣ ਵਿਚ ਸੁਖਿਆਈ ਰਹਿੰਦੀ ਏ। ਇਹ ਸੋਚ ਕੇ ਉਹ ਮੁਸਕਾ ਪਿਆ। ਜਾਗਣ ਆਲਿਆਂ ਨੂੰ ਇਹ ਰਾਤਾਂ ਐਡੀਆਂ ਕਾਲੀਆਂ ਤੇ ਨਾਂ ਮੁਕਣ ਆਲੀਆਂ ਪਰ ਉਨ੍ਹਾਂ ਦੇ ਚਨ ਓਡੇ ਈ ਨਿੱਕੇ ਕਿਉਂ ਲਗਦੇ ਨੇਂ, ਇਹ ਗਲ ਉਸ ਵੇਲੇ ਉਹੰਦੀ ਸਮਝ ਵਿਚ ਨਾਂ ਆਈ।

ਆਪਣੀ ਆਸ ਦੇ ਆਖਣ ਤੇ ਇਹ ਗੱਭਰੂ ਵਿਲ੍ਹੀਆਂ ਹੋਈਆਂ ਕਾਲੀਆਂ ਤੇ ਲੰਮੀਆਂ ਰਾਤਾਂ ਨਿਮਾਸ਼ਾਂ ਨਾਲ ਈ ਉਡੀਕ ਦੀ ਭਾਰੇ ਪੁੜਾਂ ਆਲੀ ਚੱਕੀ ਵਿਚ ਪੀਹਣ ਬਹਿ ਜਾਂਦਾ। ਜਦੋਂ ਇਨ੍ਹਾਂ ਰਾਤਾਂ ਵਿਚ ਜਗਰਾਤਿਆਂ ਦੇ ਰੋੜ ਰਲਦੇ, ਚੱਕੀ ਦੇ ਪੁੜ ਹੋਰ ਵੀ ਭਾਰੇ ਹੋ ਜਾਂਦੇ।

ਐਥੇ ਕਈਆਂ ਦਾ ਹਾਲ ਉਸ ਤੋਂ ਵੀ ਮੰਦਾ ਹਾ, ਜਿਨ੍ਹਾਂ ਦੇ ਗਲ ਮੁਦਤਾਂ ਤੋਂ ਉਡੀਕ ਦੀਆਂ ਪਰਾਈਆਂ ਚਕੀਆਂ ਪੀਹਣ ਆਲਾ ਝੇੜਾ ਪਿਆ ਹੋਇਆ ਹਾ। ਇਨ੍ਹਾਂ ਨਿਮਾਣਿਆਂ ਦੀਆਂ ਰਾਤਾਂ ਦੇ ਤਾਰੇ ਧੰਮੀ ਦਾ ਰਾਹ ਵੇਂਹਦੇ ਵੇਂਹਦੇ ਸੈ ਚਿਰ ਪਹਿਲਾਂ ਅਨ੍ਹੇ ਹੋ ਗਏ ਹਾਇਨ। ਇਨ੍ਹਾਂ ਕੋਲ ਸਭ ਕੁਝ ਪਰਾਇਆ ਹਾ ਤੇ ਆਪਣੀ ਸਿਰਫ਼ ਭੁਖ ਹਾਈ। ਇਨ੍ਹਾਂ ਮਜਬੂਰਾਂ ਆਪਣੀ ਕੱਚੀ ਉਮਰ ਆਲੀ ਆਸ ਚੋਂਹ ਡੰਗਾਂ ਦੇ ਆਟੇ ਸਾਵੇਂ ਵਟਾਣ ਆਲਾ ਸਾੜ ਵੀ ਫੱਕ ਲਿਆ। ਇਸ ਸਾੜ ਨਾਲ ਭੁਖ ਤਾਂ ਨਾਂ ਮੋਈ, ਉਲਟਾ ਆਸ ਵੀ ਪਰਾਈ ਹੋ ਗਈ।

ਇਨ੍ਹਾਂ ਮੰਦੇ ਹਾਲਾਂ ਨੂੰ ਵੇਖ, ਉਸ ਗੱਭਰੂ ਨੂੰ ਹੋਸਲਾ ਜਿਹਾ ਹੋ ਜਾਂਦਾ ਕਿਉਂ ਜੁ ਉਹੰਦਾ ਤੇ ਸਾਰਾ ਕੁਝ ਆਪਣਾ ਹਾ। ਉੱਤੋਂ ਉਹੰਦੀ ਆਸ ਵੀ ਉਹਨੂੰ ਤਸੱਲੀਆਂ ਦੇਂਦੀ ਜੁ ਅੰਤ ਨੂੰ ਵਲ ਤੇ ਨਰੋਏ ਦਿੰਹ ਔਸਣ, ਜਦੋਂ ਉਹੰਦੀ ਤੇ ਕਈਆਂ ਦੂਈਆਂ ਦੀ ਇਨ੍ਹਾਂ ਚੱਕੀਆਂ ਤੋਂ ਜਾਨ ਛੁੱਟ ਜਾਸੀ। ਸਾਹ ਦਿਵਾਣ ਲਈ ਉਹੰਦੀ ਆਸ ਹਰ ਰਾਤ ਨੀਂਦਰ ਦੇ ਬੂਹੇ ਸਵਾਲੀ ਬਣ ਕੇ ਜਾਂਦੀ। ਆਸ ਦੇ ਤਰਲੇ ਐਵੇਂ ਜਾਂਦੇ। ਅਖੀਂ ਸੁਜਾ, ਸਖਣੇ ਹਥੀਂ ਹਟ ਆਉਂਦੀ। ਨੀਂਦਰ, ਆਸ ਨੂੰ ਆਖੇ:

"ਮੈਨੂੰ ਪਤਾ ਏ, ਉਡੀਕ ਆਲੀਆਂ ਅਖੀਂ ਵਿਚ ਸੂਲਾਂ ਜੰਮ ਪੋਂਦੀਆਂ ਨੇਂ। ਮੈਂ ਓਥੇ ਜਾ ਕੇ ਆਪਣਾ ਵਜੂਦ ਕਿਉਂ ਫੱਟੜ ਕਰਾਂ।"

ਨੀਂਦਰ ਦੀਆਂ ਇਨ੍ਹਾਂ ਅੜੀਆਂ ਤੋਂ ਅਕ ਕੇ ਹਿਕ ਰਾਤ ਆਸ ਉਹਨੂੰ ਆਖਿਆ:

"ਬਹਾਨੇ ਛਡ। ਸਿੱਧੀ ਗਲ ਕਰ ਜੁ ਤੂੰ ਵੀ ਵੱਸਦਿਆਂ ਦੀ ਸਾਥੀ ਏਂ।"

ਅਜ ਦੀ ਰਾਤ ਖ਼ੋਰੇ ਘਣੀ ਸਿਲ੍ਹ ਗਈ ਹਾਈ ਯਾਂ ਜਗਰਾਤਿਆਂ ਦੇ ਰੋੜ ਵਧ ਗਏ ਹਾਇਨ। ਉਸ ਗੱਭਰੂ ਨੂੰ ਉਡੀਕ ਦੀ ਚੱਕੀ ਦੇ ਪੁੜ ਕੁਝ ਚੰਗੇਰੇ ਭਾਰੇ ਜਾਪਣ ਲਗ ਪਏ। ਉਹ ਮੁੜ ਮੁੜ ਹਾਂਹ ਤੇ ਹਥ ਮਾਰੇ, ਅਲਾਣੀ ਮੰਜੀ ਤੋਂ ਉੱਠੇ, ਥੋੜਾ ਚਿਰ ਬਹਿ ਕੇ ਲੰਮਾ ਹੋ ਜਾਵੇ। ਇਸੇ ਅਚਮੀ ਵਿਚ ਉਹ ਜਦੋਂ ਹਫ਼ ਗਿਆ ਤੇ ਉਹੰਦੇ ਮੂੰਹੋਂ ਹੋਕੇ ਦੀ ਥਾਹਰੀਂ ਇਹ ਗਲ ਨਿਕਲੀ:

"ਲਗਦਾ ਏ ਖਿਤੀਆਂ ਤਾਂ ਢਲ ਗਈਆਂ ਨੇਂ!"

ਅਗੋਂ ਉਹੰਦੀ ਆਸ ਬੋਲੀ:

"ਪੋਹ ਵੀ ਫੁੱਟ ਈ ਪੋਸੀ।"

ਇਹ ਗਲਾਂ ਸੁਣ, ਨਾਲ ਦੀ ਮੰਜੀ ਤੇ ਪਿਆ ਗੱਭਰੂ ਦਾ ਦਾਦਾ ਜਾਗ ਪਿਆ ਤੇ ਉਹਨੂੰ ਆਖਣ ਲਗਾ:

"ਚੁਪ ਕਰਕੇ ਸੈਂ ਜਾ। ਲੰਮੇਰੀ ਰਾਤ ਮੁਕਦੀ ਜਾਂਦੀ ਏ।"

ਉਹ ਗੱਭਰੂ ਅਗੋਂ ਹਰੇ ਹੋਏ ਬੁਲਾਰੇ ਨਾਲ ਬੋਲਿਆ:

"ਜੰਮੇ ਹਾਈਂ ਤਾਂ ਇਹੋ ਸੁਨਣ ਲਗੇ ਹਾਈਂ। ਪਤਾ ਨਾਹੀਂ ਕਦੋਂ? ਪਰ ਜਿੱਥੇ ਦਿੰਹ ਕਾਣਾ ਹੋਵੇ, ਤਾਰੇ ਲੁਕ ਲੁਕ ਰਹਿਣ ਤੇ ਚੰਨ, ਚਾਨਣੀ ਦਾ ਭਰਮ ਬਨਾਣ ਲਈ ਪਰਾਇਆਂ ਬੂਹਿਆਂ ਦਾ ਮੰਗਤਾ ਹੋਵੇ, ਉਸ ਵਸੇਬ ਦੀਆਂ ਰਾਤਾਂ ਤਾਂ ਵਰ੍ਹਿਆਂ ਤੋਂ ਵੱਡੀਆਂ ਈ ਹੋਸਣ ਨਾਂ। ਪਰ ਇਨ੍ਹਾਂ ਦਾ ਵੀ ਕੋਈ ਦੋਸ਼ ਨਹੀਂ, ਅੰਨ੍ਹਿਆਂ ਲਈ ਪੰਧ ਮੁਕਾਣਾ ਉਂਜ ਵੀ ਔਖਾ ਹੁੰਦਾ ਏ, ਬੰਦਾ ਹੋਵੇ ਭਾਵੇਂ ਰਾਤ। ਇਹੋ ਜਹੀਆਂ ਰਾਤਾਂ ਵਿਚ ਜਾਗਣ ਆਲਾ ਹੋਰ ਵੀ ਹਿਕੱਲਾ ਹੋ ਜਾਂਦਾ ਏ। ਉੱਤੋਂ ਧੰਮੀ ਜੰਮਣ ਦਾ ਨਾਂ ਈ ਨਹੀਂ ਲੈਂਦੀ। ਇਹ ਅਜ਼ਲ ਦਾ ਰੋਗੀ ਕਦੇ ਵਲ ਵੀ ਹੋਸੀ ਯਾਂ......"

ਇਹ ਸੁਣ ਕੇ ਬਾਬਾ ਉਠੀ ਕੇ ਬਹਿ ਗਿਆ। ਆਪਣੀ ਪਗੜੀ ਸਿਰ ਤੇ ਬੰਨ੍ਹਦਿਆਂ ਬੋਲਿਆ:

"ਇਹ ਵਸੇਬ ਅਜ਼ਲ ਦਾ ਰੋਗੀ ਨਾਹੂ। ਵੱਡਿਆਂ ਕੋਲੋਂ ਸੁਣਦੇ ਹਾਸੇ ਜੂ ਕਦੇ ਤੇ ਇਹ ਹੱਸਦਾ ਵੱਸਦਾ ਹਾ। ਇਹੰਦੇ ਦਿੰਹ ਸੁਜਾਖੇ ਤੇ ਰਾਤਾਂ ਦੀਆਂ ਗੱਲ੍ਹਾਂ ਚੰਨ ਤਾਰਿਆਂ ਦੀ ਲੋ ਨਾਲ ਭਖ਼ਦੀਆਂ ਹਾਇਨ। ਇੱਥੋਂ ਦੇ ਦਿੰਹ ਤੇ ਤਾਰੇ ਐਡੇ ਲਾਟਾਂ ਆਲੇ ਹਾਇਨ ਜੂ ਦੂਏ ਵਸੇਬ ਥੋੜ ਵੇਲੇ ਚਾਨਣ ਲਈ ਇਨ੍ਹਾਂ ਦੇ ਬੂਹਿਆਂ ਦੇ ਸਵਾਲੀ ਬਣਦੇ। ਓਦੋਂ ਤਾਂ ਇਨ੍ਹਾਂ ਦੀਆਂ ਲਾਟਾਂ ਦੀ ਮਕਾਲ ਪੂਰੇ ਜਗ ਤੇ ਪਈ ਜਦੋਂ ਕਈ ਸਾਲਾਂ ਦੇ ਭੁਲੇ ਬੰਦੇ ਇਨ੍ਹਾਂ ਦੀ ਲੋ ਦੀ ਸਿਧ ਤੇ ਆਪਣੇ ਆਪਣੇ ਘਰਾਂ ਨੂੰ ਪਰਤੇ। ਮੁੜ ਤਾਂ ਆਮ ਬੰਦਿਆਂ ਆਪਣੇ ਬਾਲਾਂ ਦੇ ਨਾਂ ਵੀ ਇਨ੍ਹਾਂ ਦੇ ਨਾਵਾਂ ਤੇ ਰਖਣੇ ਸ਼ੁਰੂ ਕਰ ਦਿੱਤੇ।"

ਬਾਬਾ ਚੁਪ ਕਰ ਗਿਆ ਤੇ ਠੱਡਾ ਸਾਹ ਭਰ ਕੇ ਆਖਣ ਲਗਾ:

"ਮੁੜ ਪਤਾ ਨਹੀਂ ਕੀ ਹੋਇਆ ਇਸ ਵਸੇਬ ਦੇ ਚਾਨਣ ਨੂੰ ਕਿਸੇ ਦੀ ਨਜ਼ਰ ਚਟ ਲਿਆ।

ਉਸ ਸਾਲ ਲਾਹੰਦੇ ਆਲੇ ਪਾਸੋਂ ਘੁਲਣ ਆਲੀ ਅੱਸੋਂ ਕਤੇਂ ਦੀ ਬੇ ਮੌਸਮੀ ਹਨੇਰੀ ਹਰ ਸ਼ੈ ਉਲਟਾ ਛਡੀ। ਡੀਗਰ ਵੇਲੇ ਆਉਣ ਆਲੀ ਇਹ ਹਨੇਰੀ ਅਠ ਪਹਿਰ ਘੁਲੀ ਰਹੀ। ਹਨੇਰੀ ਐਡੇ ਜ਼ੋਰ ਦੀ ਹਾਈ ਜੂ ਇਹੰਦੀ ਰੇਤ, ਮਿੱਟੀ ਇਸ ਵਸੇਬ ਦੇ ਦੀਂਹ ਦੀਆਂ ਅਖੀਂ ਵੀ ਗਾਲ ਛੱਡੀਆਂ। ਜਦੋਂ ਕਈਆਂ ਵਰ੍ਹਿਆਂ ਤੋਂ ਪਿੱਛੋਂ ਅਖੀਂ ਦੀ ਸੋਜ ਲੱਥੀ ਤਾਂ ਪਤਾ ਲਗਾ ਜੂ ਦਿੰਹ ਦੀ ਨਿਗਾਹ ਘਟ ਗਈ ਏ।

ਸ਼ਕ ਏ, ਅਜੇ ਤਾਈਂ ਘਟੀ ਨਿਗਾਹ ਪੂਰੀ ਨਹੀਂ ਹੋਈ। ਖ਼ੋਰੇ ਇਸੇ ਗਲੋਂ ਆਪਣੇ ਕੋਲ ਥੋੜੇ ਬੱਦਲਾਂ ਨਾਲ ਵੀ ਦਿੰਹ ਨੂੰ ਰਾਤ ਦਾ ਸਮਾਂ ਲਗਦਾ ਏ।

ਇੱਥੋਂ ਦੇ ਤਾਰਿਆਂ ਨਾਲ ਦਿੰਹ ਤੋਂ ਵੀ ਭੈੜੀ ਹੋਈ। ਹਨੇਰੀ ਦੇ ਜ਼ੋਰ ਨਾਲ ਇਸ ਵਸੇਬ ਦੇ ਘਣੀਆਂ ਲੋਵਾਂ ਆਲੇ ਤਾਰੇ ਆਪਸ ਵਿਚ ਠਾਹਕ ਠਾਹਕ ਕੇ ਮਰ ਗਏ। ਅਨ੍ਹਿਆਂ ਤੇ ਫੱਟੜਾਂ ਦਾ ਅੰਤ ਸ਼ੁਮਾਰ ਵੀ ਨਾਂ ਹੋ। ਮਰਣ ਆਲਿਆਂ ਤਾਰਿਆਂ ਦੇ ਘਰ ਚਿਰ ਤਾਈਂ ਮੁਕਾਣਾਂ ਢੁਕਦੀਆਂ ਰਹੀਆਂ। ਇਨ੍ਹਾਂ ਵਿਚੋਂ ਕਈਆਂ ਦੀਆਂ ਕਬਰਾਂ ਦੇ ਨਿਸ਼ਾਨ ਕਦਾਈਂ ਕਦਾਈਂ ਹੁਣ ਵੀ ਹੈਨ। ਉਨ੍ਹਾਂ ਅੱਠਾਂ ਪਾਹਰਾਂ ਵਿਚ ਦਿੰਹ ਤੇ ਤਾਰਿਆਂ ਨਾਲ ਇੰਜ ਦੀ ਅਨ–ਹੋਣੀ ਹੋਈ ਜੂ ਸੱਦ ਪੁਛੇਂਦੇ, ਭੁਲਿਆਂ ਤੇ ਵਸੁਲ੍ਹਿਆਂ ਨੂੰ ਰਾਹ ਦੱਸਣ ਆਲੇ ਟਿਮਕਣ ਤੋਂ ਵੀ ਗਏ। ਇਸ ਦਾ ਮਣਖ ਵਸਨੀਕਾਂ ਦੇ ਨਾਲ ਨਾਲ ਇੱਥੋਂ ਦੀਆਂ ਰਾਤਾਂ ਨੂੰ ਵੀ ਹੋਇਆ। ਇਹ ਦੁਖ ਰਾਤਾਂ ਨੂੰ ਹੋਰ ਵੀ ਕਾਲਾ ਕਰ ਗਿਆ। ਇੰਜ ਦਾ ਕਾਲਾ ਜੂ ਕਈਆਂ ਦੇ ਈਮਾਨ ਵੀ ਡੋਲਣ ਲਗ ਪਏ।"

ਬਾਬਾ ਇਹ ਆਖ ਕੇ ਥੋੜਾ ਚਿਰ ਚੁੱਪ ਕਰ ਗਿਆ ਤੇ ਆਪਣੀ ਚਿੱਟੀ ਦਾੜ੍ਹੀ ਤੇ ਹਥ ਫੇਰਦਿਆਂ ਮੁੜ ਬੋਲਿਆ:

"ਉਨ੍ਹਾਂ ਈਮਾਨ ਡੋਲਣ ਆਲੀਆਂ ਰਾਤਾਂ ਵਿਚ ਬਾਰਾਂ ਕੋਹੀਂ ਡੀਵਾ ਬਲਦਾ ਹਾ। ਰਤ ਨਾਲ ਡੀਵੇ ਬਾਲਣ ਦੀ ਰੀਤ ਓਥੋਂ ਟੁਰੀ। ਉਹ ਵੀ ਕਿਸੇ ਜਤੀ ਸਤੀ ਦੇ ਘਰ ਵਿਚ। ਇਸ ਲਈ ਜੂ ਆਮ ਬੰਦਿਆਂ ਦੀ ਰਤ ਤਾਂ ਉਨ੍ਹਾਂ ਰਾਤਾਂ ਵਿਚ ਤਰੇਲ ਤੇ ਕੋਰੇ ਦੀ ਥਾਹਰੀਂ ਲਾਹਣ ਆਲੇ ਡਰ ਤੇ ਤਰੱਠ ਸੁਕਾ ਛਡੀ ਹਾਈ। ਹਰ ਸ਼ੈ ਦਾ ਕਾਲ ਪੈ ਗਿਆ। ਕਿਥੇ ਹਨੇਰੀਆਂ ਆਲੇ ਗੁੰਝਲ, ਕਿਥੇ ਇਹ ਸਾਦੇ ਵਸੇਬ ਦੇ ਸਿਧੇ ਬੰਦੇ, ਪਾਣੀ ਦੀ ਥਾਹਰੀਂ ਅਖੀਂ ਨੂਟ ਕੇ ਲਹੂ ਦੇਵਣ ਆਲੇ। ਇਸ ਗਲੋਂ ਜੇ ਕਦੇ ਉਨ੍ਹਾਂ ਨੂੰ ਕੋਈ ਘਾਟਾ ਆਉਂਦਾ ਤਾਂ ਉਹਨੂੰ ਕਿਸਮਤ ਦਾ ਲਿਖਿਆ ਜਾਣ ਕੇ ਸਹਿ ਜਾਂਦੇ ਪਰ ਲਿਹਾਜ਼ ਮਾਰੇ ਬੋਲਦੇ ਕੁਝ ਨਾਂ। ਇਨ੍ਹਾਂ ਲਿਹਾਜ਼ਾਂ ਤੇ ਮਲਾਹਜ਼ਿਆਂ ਵਿਚ ਉਨ੍ਹਾਂ ਕਈ ਵਾਰੀਂ ਆਪਣੇ ਬਾਲਾਂ ਦੇ ਮੂੰਹੋਂ ਖੋਹ ਕੇ ਉਨ੍ਹਾਂ ਸੱਪਾਂ ਨੂੰ ਵੀ ਦੁਧ ਪਵਾਇਆ ਜਿਹੜੇ ਦੂਈ ਨੈਂ ਤੋਂ ਸੁਨੇਹੇ ਲੈ ਕੇ ਉਨ੍ਹਾਂ ਦੀ ਜੂਹ ਵਿਚ ਆਉਂਦੇ ਹਾਇਨ।"

ਇਹ ਸੁਣ ਉਹ ਗੱਭਰੂ ਹੈਰਾਨ ਹੋ ਕੇ ਆਖਣ ਲਗਾ:

"ਸੱਪਾਂ ਹਥ ਸੁਨੇਹੇ, ਇਹ ਤਾਂ ਅਜ ਨਵੀਂ ਸੁਣੀ ਏ।"

ਬਾਬਾ ਸਾਹ ਲੈ ਕੇ ਆਖਣ ਲਗਾ:

"ਇਹੰਦੇ ਵਿਚ ਨਵੀਂ ਕਿਹੜੀ ਏ। ਕਈ ਥਾਹਰੀਂ ਸੱਪਾਂ ਹਥ ਸੁਨੇਹੇ ਘਲਣ ਦਾ ਰਵਾਜ ਹੁਣ ਵੀ ਹੈ।"

ਖ਼ੈਰ ਗਲ ਸਾਦਿਆਂ ਬੰਦਿਆਂ ਦੀ ਹੋਂਦੀ ਪਈ ਹਾਈ।" ਬਾਬੇ ਗਲ ਮੋੜੀ:

"ਇਹ ਸਿੱਧੇ ਬੰਦੇ ਲਹੂ ਨਾਲ ਬਲਦੇ ਡੀਵਿਆਂ ਦੀ ਲਾਟ ਤੇ ਬਹਿ ਕੇ ਤਾਰਿਆਂ ਦੇ ਫਟ ਮੇਲਣ ਤੇ ਦਿੰਹ ਦੀਆਂ ਅਖੀਂ ਦੀ ਸੋਜ ਲਾਹਣ ਦੀਆਂ ਨਿਤ ਸਲਾਹਵਾਂ ਕਰਦੇ। ਇਸ ਤੋਂ ਪਹਿਲਾਂ ਗਲ ਕਿਸੇ ਕੱਧੀ ਲਗਦੀ ਇਹ ਵਸੇਬ ਉਨ੍ਹਾਂ ਸ਼ਿਕਾਰੀਆਂ ਦੇ ਹਥ ਲਗ ਗਿਆ ਜਿਹੜੇ ਪੂਰੇ ਜਹਾਨ ਤੇ ਹਨੇਰੀਆਂ ਰਾਤਾਂ ਆਲੇ ਵਸੇਬਾਂ ਦਾ ਸ਼ਿਕਾਰ ਕਰਣ ਲਈ ਮਸ਼ਹੂਰ ਹਾਇਨ।"

ਗੱਭਰੂ ਬਾਬੇ ਦੀ ਗਲ ਟੁਕਦਿਆਂ ਹੋਇਆਂ ਵੱਟ ਖਾ ਕੇ ਬੋਲਿਆ:

"ਇਹ ਗੁਸਤਾਨ ਤਾਂ ਨਾਹੂ, ਵਸਦੀ ਜਾ ਹਾਈ। ਕਿਸੇ ਨੂੰ ਪਤਾ ਨਾਂ ਲਗਾ, ਕਿਸੇ ਉਨ੍ਹਾਂ ਨੂੰ ਹਟਕਿਆ ਹੋੜਿਆ ਨਾਂ?"

ਬਾਬਾ ਅਗੋਂ ਧੀਰਜ ਨਾਲ ਆਖਣ ਲਗਾ:

"ਹੌਸਲੇ ਨਾਲ ਸੁਣ, ਤੇਰੀ ਉੱਮਰੇ ਅਸੀਂ ਵੀ ਇਹੋ ਜਹੀਆਂ ਈ ਗਲਾਂ ਕਰਦੇ ਹਾਏ। ਈਮਾਨ ਡੋਲਣ ਤੇ ਕਾਲ ਆਲਿਆਂ ਵੇਲਿਆਂ ਵਿਚ ਇਸ ਵਸੇਬ ਦੇ ਕਈ ਬੰਦੇ ਹਰਾਮ ਹੱਡੀਆਂ ਤੇ ਖਲਾਂ ਵੇਚਣ ਆਲਾ ਧੰਦਾ ਕਰਣ ਲਗ ਪਏ। ਹੱਡੀ ਦੀ ਚੱਸ ਬਹੂੰ ਭੈੜੀ ਹੁੰਦੀ ਏ। ਇਹ ਧੰਦਾ ਕਰਣ ਆਲਿਆਂ ਨੂੰ ਹੱਡੀਆਂ ਲਭਣ ਵੇਲੇ ਕਿਸੇ ਵਸੇਬ ਦੇ ਹਦ ਬੰਨੇ ਦਾ ਹਿਸਾਬ ਨਹੀਂ ਰਹਿੰਦਾ। ਪਤਾ ਨਾਹੀਂ ਇਸ ਵਸੇਬ ਤੋਂ ਬਾਹਰ ਇੱਥੋਂ ਦੇ ਹੱਡ ਵੇਚਾਂ ਦਾ ਟਾਕਰਾ ਉਨ੍ਹਾਂ ਸ਼ਿਕਾਰੀਆਂ ਨਾਲ ਕਿਥੇ ਹੋਇਆ ਜੂ ਕੁਝ ਚਿਰ ਮਗਰੋਂ ਉਹ ਸ਼ਿਕਾਰੀ ਇੱਥੇ ਆ ਗਏ।

ਉਨ੍ਹਾਂ ਸ਼ਿਕਾਰੀਆਂ ਕੋਲ ਵੱਨੋ ਵੰਨ ਦੇ ਕੁੱਤੇ, ਸੱਪ ਤੇ ਜਾਲ ਹਾਇਨ। ਢੋਰ ਡੰਗਰਾਂ ਨੂੰ ਫਾਹਣ ਲਈ ਰੱਸੀਆਂ ਦੇ ਜਾਲ। ਬੰਦਿਆਂ ਨੂੰ ਫਸਾਣ ਲਈ ਗਲਾਂ ਦੇ

ਜਾਲ। ਉਨ੍ਹਾਂ ਕੋਲ ਰੁਤਾਂ ਨੂੰ ਵਲ੍ਹੇਟਣ ਆਲਾ ਜਾਲ ਵੀ ਹਾ ਪਰ ਹਿਕੋ ਜਹੀ ਰੁਤ ਹੋਵਣ ਪਾਰੋਂ ਇੱਥੇ ਉਸ ਜਾਲ ਦੀ ਲੋੜ ਘਟ ਈ ਪਈ। ਬੰਦੇ ਦੱਸਦੇ ਹਾਇਨ ਜੂੰ ਸ਼ਿਕਾਰੀਆਂ ਦੇ ਕਈਆਂ ਸੱਪਾਂ ਦੀ ਡਾਂਵਰ ਉਨ੍ਹਾ ਸੱਪਾਂ ਤੇ ਪੋਂਦੀ ਹਾਈ ਜਿਹੜੇ ਪਹਿਲਾਂ ਕਦੇ ਕਦੇ ਉਨ੍ਹਾਂ ਵਲ ਸੁਨੇਹੇ ਲੈ ਕੇ ਆਉਂਦੇ ਹਾਇਨ।"

ਖਗ ਆਉਣ ਪਾਰੋਂ ਬਾਬਾ ਚੁਪ ਕਰ ਗਿਆ। ਉਹ ਗੱਭਰੂ ਉੱਠਿਆ ਤੇ ਨਾਲ ਪਏ ਘੜੇ ਵਿਚੋਂ ਪਿਆਲਾ ਪਾਣੀ ਦਾ ਭਰ ਕੇ ਬਾਬੇ ਵਲ ਕੀਤਾ।

ਬਾਬਾ ਪਾਣੀ ਪੀ ਕੇ ਮੁੜ ਬੋਲਿਆ:

"ਘਰ ਆਲੇ ਢੋਰ ਡੰਗਰਾਂ ਨੂੰ ਕਾਲ ਖਾਉਣ ਲਗ ਪਿਆ ਤੇ ਬੇਲਿਆਂ ਵਿਚ ਫਿਰਦਿਆਂ ਨੂੰ ਸ਼ਿਕਾਰੀ ਭੁੱਨਣ ਲਗ ਪਏ। ਇਹ ਵਸੇਬ ਔਖਾ ਹੁੰਦਾ ਗਿਆ ਪਰ ਹੱਡ ਵੇਚ ਸੌਖੇ ਹੁੰਦੇ ਗਏ। ਹੱਡੀਆਂ ਤੇ ਖੱਲਾਂ ਦੀ ਖੱਟੀ ਵਿਚੋਂ ਉਹ ਮਹਿਲ ਤੇ ਮਨਾਰੇ ਬਨਾਉਣ ਲਗ ਪਏ ਪਰ ਇੱਥੋਂ ਦੇ ਬੰਦਿਆਂ ਵਿਚੋਂ ਘਣੀਆਂ ਦੀਆਂ ਕਬਰਾਂ ਵੀ ਨਾਂ ਬਣੀਆਂ ਜਿਹੜੇ ਹਰਾਮ ਹੱਡੀਆਂ ਤੇ ਖਲਾਂ ਨਾਲ ਜੀਂਦੇ ਸਾਹੀਂ ਮੋਇਆਂ ਲੇਖੇ ਤੁਲ ਗਏ।

ਬਚਾ! ਤੇਰੇ ਨਾਲ ਦੇ ਜਿਹੜੇ ਉਡੀਕ ਦੀਆਂ ਪਰਾਈਆਂ ਚਕੀਆਂ ਪੀਹਣ ਦੀ ਦਿਹਾੜੀ ਕਰਦੇ ਨੇਂ, ਉਨ੍ਹਾਂ ਵਿਚੋਂ ਘਣੀਆਂ ਦੇ ਵਡਕੇ ਇਸੇ ਮੁਲ ਤੁਲ ਗਏ ਹਾਇਨ।

ਖ਼ੈਰ! ਹਨੇਰਿਆਂ ਦੇ ਉਨ੍ਹਾਂ ਵਾਸੀਆਂ ਦੀ ਅਖ਼ੀਰਲੀ ਢੇਰੀ ਓਦੋਂ ਖੁਰਣ ਲਗ ਪਈ ਜਦੋਂ ਸ਼ਿਕਾਰੀਆਂ ਆਪਣੇ ਸਪ ਇਸ ਵਸੇਬ ਦੀ ਭੋਈਂ ਨੂੰ ਲੜਾ ਛਡੇ। ਸੱਪਾਂ ਦੀ ਵਿਸ ਨਾਲ ਇੱਥੋਂ ਦੀਆਂ ਭੋਈਂ ਕਲਰ ਤੇ ਸੇਮ ਕਢਣਾ ਸ਼ੁਰੂ ਕਰ ਦਿੱਤਾ। ਇਹ ਕਲਰ ਸੇਮ ਇੱਥੋਂ ਦੇ ਖੁਰੇ, ਨਿਸ਼ਾਨਾਂ ਤੇ ਭੋਈਂ ਦੇ ਨਾਲ ਨਾਲ ਵਸਣੀਕਾਂ ਦੇ ਮੂੰਹ ਮੁਹਾਂਦਰਿਆਂ ਨੂੰ ਵੀ ਖਾਵਣ ਲਗ ਪਿਆ। ਕਿਸੇ ਦੇ ਮੁਢ ਨੂੰ ਕਿਸੇ ਦੇ ਪਾਂਦ ਨੂੰ। ਘਣੀਆਂ ਤੋਂ ਦੀਂਹ ਤਾਰੇ ਵਿਸਰ ਗਏ ਤੇ ਵਿਸ ਘਟਾਣ ਲਈ ਦਮ ਦਰੂਦ ਆਲੇ ਤਰਲੇ ਮਾਰਣ ਲਗ ਪਏ। ਕਿਸੇ ਮਾਂਦਰੀ ਦੀ ਕੋਈ ਵਾਹ ਨਾਂ ਚਲੀ। ਹੇਠ ਉੱਤੇ ਖਾਰੇ ਪਾਣੀ। ਬੰਦੇ ਰੋਵਣ ਤੇ ਕੁਰਲਾਉਣ। ਕਈ ਆਖਣ ਸਾਨੂੰ ਗਾਲਣ ਲਈ ਤਾਂ ਭੋਈਂ ਆਲਾ ਰੱਜ ਹਾ ਉੱਤੋਂ ਅਖੀਂ ਆਲਾ ਵੀ ਉਹਿਦੇ ਨਾਲ ਰਲ ਗਿਆ ਏ, ਪਰਾਂਹ ਇਹ ਤਾਂ ਆਪਣੇ ਘਰ ਰਹਿੰਦਾ। ਅਗੋਂ ਕਈ ਸੜਦੇ ਆਖਣ ਜਿਨ੍ਹਾਂ ਨੂੰ ਘਰਾਂ ਵਿਚ ਸੁਖ ਹੁੰਦੇ ਨੇਂ ਉਹ ਬਾਹਰ ਕਦੀਂ ਨਹੀਂ ਰੁਲਦੇ।"

ਬਾਬਾ ਖ਼ੋਰੇ ਸਾਹ ਲੈਣ ਲਈ ਚੁਪ ਕਰ ਗਿਆ ਤੇ ਕੁਝ ਚੇਤੇ ਕਰਦਿਆਂ ਬੋਲਿਆ:

"ਵੱਡੇ ਦੱਸਦੇ ਹਾਇਨ, ਸੋਜ ਲਹਿਣ ਤੇ ਦਿੰਹ ਥੋੜੀਆਂ ਥੋੜੀਆਂ ਅਖੀਂ ਪਟੀਆਂ ਤੇ ਬੰਦਿਆਂ ਨੂੰ ਕੁਝ ਚਿਟਕੇ ਦੀ ਆਸ ਲਗ ਪਈ। ਓਦੋਂ ਹਿਕ ਰਾਤ ਹੋਰ ਅਨ–ਹੋਣੀ ਹੋ ਗਈ। ਪਤਾ ਨਾਹੀਂ ਇਸ ਵਸੇਬ ਵਿਚ ਸਾਰੀਆਂ ਅਨ–ਹੋਣੀਆਂ ਰਾਤ ਨੂੰ ਈ ਕਿਉਂ ਹੋਂਦੀਆਂ ਨੇਂ?"

ਇਸ ਵਸੇਬ ਦਾ ਵੇਲਾ ਪੱਖੂਆਂ ਨੂੰ ਬਚਾਂਦਾ ਸ਼ਿਕਾਰੀਆਂ ਦੇ ਲਗੇ ਜਾਲ ਵਿਚ ਫਸ ਗਿਆ। ਪੱਖੂਆਂ ਦੇ ਡਾਰਾਂ ਦੇ ਡਾਰ ਵੇਲੇ ਕੋਲ ਅਪੜੇ। ਉਹਨੂੰ ਆਖਣ ਲਗੇ:

ਨੂੰਜੂੰ ਘਣੇ ਤਾਂ ਇੱਥੋਂ ਟੁਰ ਗਏ ਪਰ ਸਾਡਾ ਮਰਨ ਜੀਉਣ ਤਾਂ ਇਨ੍ਹਾਂ ਸੇਮ ਮਾਰਿਆਂ ਬੰਦਿਆਂ ਤੇ ਰੁਖਾਂ ਨਾਲ ਏ। ਸਾਡੇ ਵਿਚੋਂ ਜਿਹੜਾ ਵੀ ਥੋੜਾ ਜਿਹਾ ਸਿਰ ਕਢ ਕੇ ਉਡਦਾ ਏ, ਸ਼ਿਕਾਰੀਆਂ ਦੇ ਜਾਲ ਵਿਚ ਫਸ ਜਾਂਦਾ ਏ। ਫੱਸਣ ਆਲਿਆਂ ਪੱਖੂਆਂ ਨੂੰ ਸ਼ਿਕਾਰੀ ਆਪਣੀ ਬੋਲੀ ਬੋਲਣ ਦਾ ਆਖਦੇ ਨੇਂ। ਜਿਹੜੇ ਮਨ ਜਾਂਦੇ ਨੇਂ, ਸ਼ਿਕਾਰੀ ਉਨ੍ਹਾਂ ਨੂੰ ਰੰਗ ਕੇ ਛੱਡ ਦੇਂਦੇ ਨੇਂ। ਜਿਹੜੇ ਮੁਨਕਰ ਹੁੰਦੇ ਨੇਂ, ਖ਼ੈਰ ਰੰਗੇ ਤੇ ਉਹ ਵੀ ਜਾਂਦੇ ਨੇਂ ਪਰ ਆਪਣੇ ਲਹੂ ਦੇ ਰੰਗ ਵਿਚ। ਘਣੀਆਂ ਦੀ ਹਿਆਤੀ ਲਹੂ ਆਲੇ ਰੰਗ ਵਿਚ ਰੰਗੀ ਗਈ ਏ।ਨੂੰ

"ਵੇਲੇ ਉਨ੍ਹਾਂ ਨੂੰ ਧੀਰਜ ਦਿੱਤਾ ਤੇ ਹਿਕ ਤਾਰੇ ਦਾ ਘਰ ਵਖਾਇਆ ਜਿਹੜਾ ਹਨੇਰੀ ਵਿਚ ਮਰਣ ਆਲੇ ਤਾਰਿਆਂ ਦੀਆਂ ਕਬਰਾਂ ਦੇ ਕੁਤਬ ਆਲੇ ਪਾਸੇ ਹਾ। ਵੇਲੇ ਦੱਸਿਆ ਜੂੰ ਇਸ ਘਰ ਦੀ ਸਿਧ ਤੇ ਉੱਡੋ, ਤੁਸੀਂ ਸ਼ਿਕਾਰੀਆਂ ਦੇ ਜਾਲ ਤੋਂ ਬਚੇ ਰਹਿਸੋ। ਡਰੇ ਹੋਏ ਪੱਖੂਆਂ ਦੀ ਹਿਕੋ ਜ਼ਿਦ ਹਾਈ ਜੂੰ ਹਿਕ ਵਾਰੀ ਸਾਡੇ ਨਾਲ ਚਲ। ਵੇਲੇ ਉਨ੍ਹਾਂ ਦੀ ਮਨ ਲਈ।

ਅਜੇ ਵੇਲਾ ਤੇ ਪੱਖੂ ਅਧ ਵਿਚ ਹਾਇਨ ਜੇ ਹਿਕ ਵਾ ਵਰੋਲੇ ਉਨ੍ਹਾਂ ਨੂੰ ਵਲ ਲਿਆ। ਵੇਲੇ ਤੇ ਪੱਖੂਆਂ ਪੂਰਾ ਤਰਾਣ ਲਾਇਆ ਪਰ ਵਰੋਲੇ ਦਾ ਜ਼ੋਰ ਉਨ੍ਹਾਂ ਨੂੰ ਓਸੇ ਪਾਸੇ ਲੈ ਗਿਆ ਜਿੱਥੇ ਸ਼ਿਕਾਰੀਆਂ ਦਾ ਜਾਲ ਹਾ। ਵੇਲਾ ਮੋਹਰੀ ਹਾ, ਮੋਹਰੇ ਤੇ ਕਈ ਪਿਛਲੇ ਪੱਖੂ ਵੀ ਜਾਲ ਵਿਚ ਫਸ ਗਏ।

ਬੱਚਿਆਂ ਪੱਖੂਆਂ ਇਸ ਜ਼ੁਲੱਮ ਤੇ ਹਾਲ ਦੁਹਾਈਆਂ ਦਿੱਤੀਆਂ। ਗਲ ਟੁਰਦੀ ਟੁਰਦੀ ਦੂਈਆਂ ਵਸੇਬਾਂ ਤਾਈਂ ਅਪੜ ਗਈ।

ਜਦੋਂ ਇੱਥੋਂ ਦੇ ਕਲਰਾਂ ਖਾਦੇ ਬੰਦੇ, ਦੂਈਆਂ ਵਸੇਬਾਂ ਦੇ ਕੁਝ ਵਸਣੀਕਾਂ ਨਾਲ ਸ਼ਿਕਾਰੀਆਂ ਕੋਲ ਅਪੜੇ ਓਦੋਂ ਹੱਡ ਵੇਚ ਵੇਲੇ ਦੀ ਖਲ ਤੇ ਹੱਡੀਆਂ ਦਾ ਭਾ ਮੁਕਾਈਂਦੇ ਪਏ ਹਾਇਨ। ਬੰਦਿਆਂ ਨੂੰ ਵੇਖ ਕੇ ਹੱਡ ਵੇਚਾਂ ਦੇ ਨਾਲ ਨਾਲ ਸ਼ਿਕਾਰੀਆਂ ਦੇ ਰੰਗ ਵੀ ਭਜ ਗਏ। ਮੁੜ ਵੀ ਉਨ੍ਹਾਂ ਆਇਆਂ ਬੰਦਿਆਂ ਤੇ ਗਲਾਂ ਦਾ ਜਾਲ ਸੁਟਿਆ ਪਰ ਬੰਦੇ ਆਖਣ:

ਨੂੰਕਦੇ ਅਜਿਹੀ ਵੀ ਹੋਈ ਏ? ਵੇਲੇ ਦਾ ਸ਼ਿਕਾਰ ਤਾਂ ਕਿਸੇ ਵਸੇਬ ਵਿਚ ਵੀ ਜਾਇਜ਼ ਨਾਹੀਂ।ਨੂੰ

ਜਦੋਂ ਸ਼ਿਕਾਰੀ ਕਿਸੇ ਹਿਸਾਬ ਤੇ ਨਾਂ ਆਏ ਤੇ ਕਲਰਾਂ ਖਾਦੇ ਬੰਦੇ ਉਨ੍ਹਾਂ ਨੂੰ ਆਖਣ ਲਗੇ:

ਨੂੰਜੇਕਰ ਸਾਡੇ ਪਿਛਾਂਵੇਂ ਨਾਂ ਵਧੇ ਤਾਂ ਤੁਹਾਡੇ ਵਜੂਦ ਵੀ ਨਾਂ ਵਧਸਣ।ਨੂੰ

ਅਖ਼ੀਰ ਸੈ ਸਾਲਾਂ ਦੇ ਝੇੜਿਆਂ ਤੋਂ ਪਿੱਛੇ ਸ਼ਿਕਾਰੀਆਂ ਇਸ ਵਸੇਬ ਦੇ ਵੇਲੇ ਨੂੰ ਸਣੇ ਪੱਖੂਆਂ ਛੱਡ ਦਿੱਤਾ।

ਕਈਆਂ ਵੱਡਿਆਂ ਦਾ ਇਹ ਆਖਣ ਵੀ ਹਾ ਜੁ ਖ਼ੋਰੇ ਇੱਥੋਂ ਦਾ ਵੇਲਾ ਕੁਝ ਸਾਲ ਹੋਰ ਵੀ ਢੱਕਿਆ ਰਹਿੰਦਾ ਪਰ ਸ਼ਿਕਾਰੀਆਂ ਨੂੰ ਹਨੇਰੀਆਂ ਰਾਤਾਂ ਆਲੇ ਹਿਕ ਹੋਰ ਵਸੇਬ ਦੀ ਦਸ ਪੈ ਗਈ। ਉਨ੍ਹਾਂ ਵਿਚੋਂ ਕੁਝ ਆਪਣੇ ਕੁੱਤੇ, ਸੱਪ ਤੇ ਜਾਲ ਲੈ ਕੇ ਉਸ ਵਸੇਬ ਸ਼ਿਕਾਰ ਖੇਡਣ ਟੁਰ ਗਏ।"

ਬਾਬਾ ਹਿਕ ਵਾਰੀ ਚੁਪ ਕਰ ਗਿਆ ਤੇ ਹਿਕ ਲੰਮੀ ਸੋਚ ਤੋਂ ਪਿੱਛੋਂ ਆਖਣ ਲਗਾ:

ਬਚਾ! ਆਪਣਾ ਵੇਲਾ ਤਾਂ ਢੱਕਿਆ ਰਿਹਾ ਪਰ ਦੂਈਆਂ ਵਸੇਬਾਂ ਦਾ ਵੇਲਾ ਟੁਰਦਾ ਰਿਹਾ। ਤਾਂ ਈ ਤਾਂ ਆਪਣੇ ਤੇ ਦੂਈਆਂ ਵਸੇਬਾਂ ਵਿਚਕਾਰ ਕਈਆਂ ਨਸਲਾਂ ਦੀ ਵਿਥ ਪੈ ਗਈ। ਬੇੜੀਆਂ ਰਹਿਣ ਪਾਰੋਂ ਸਾਡੇ ਵੇਲੇ ਦੇ ਪੈਰਾਂ ਵਿਚ ਲੰਗਾ ਆ ਗਿਆ ਏ, ਉੱਤੋਂ ਚਾਨਣ ਵੀ ਪੂਰਾ ਨਹੀਂ। ਇਸ ਲਈ ਤੈਨੂੰ ਇਹ ਰਾਤਾਂ ਘਣੀਆਂ ਹਨੇਰੀਆਂ ਤੇ ਲੰਮੀਆਂ ਲਗਦੀਆਂ ਨੇਂ।

ਜਦੋਂ ਵਸੇਬ ਦਾ ਚਾਨਣ ਪੂਰਾ ਹੋਸੀ ਨਾਲੇ ਇੱਥੋਂ ਦਾ ਵੇਲਾ ਆਪਣੀ ਪੂਰੀ ਟੋਰ ਟੁਰਸੀ ਓਦੋਂ ਹੱਦੋਂ ਨਿਕਲੀ ਹਰ ਸ਼ੈ, ਸਣੇ ਹਨੇਰੀਆਂ ਰਾਤਾਂ, ਆਪਣੇ ਹਿਸਾਬ ਵਿਚ ਆਪੇ ਆ ਜਾਸੀ।"

ਇਹ ਸੁਣ, ਗੱਭਰੂ ਹਿਕ ਲੰਮਾ ਜਿਹਾ ਠਡਾ ਸਾਹ ਭਰ ਕੇ ਬੁਡਦੇ ਬੁਲਾਰੇ ਨਾਲ ਆਖਣ ਲਗਾ:

"ਬਾਬਾ! ਇਹ ਕਿਵੇਂ ਤੇ ਕਦੋਂ ਹੋਸੀ?"

# ਗੁਸਤਾਨ ਦੀ ਵਾਹਰ



“ਇਸ ਤਾਂ ਲਾਅਨਤਾਂ ਆਲੇ ਪਤਣ ਮਲ ਲੈ ਨੇਂ। ਆਪਣੇ ਨਾਲ ਸਾਨੂੰ ਵੀ ਇਸ ਜਹਾਨੋਂ ਕਢ ਛੱਡਿਆ ਏ। ਅਸੀਂ ਤਾਂ ਨਿਘਰਨ ਦੇ ਹੋਏ ਪਏ ਹਾਈਂ। ਯਾਰੋ! ਅਜਿਹੀ ਕਦੇ ਵੇਖੀ ਏ ਨਾਂ ਸੁਣ। ਨਿਤ ਦੀ ਵਾਹਰ ਨਿਤ ਦੇ ਬੰਦੇ। ਜੇ ਇਹਿਦਾ ਕੋਈ ਸਮੂਲ ਨਹੀਂ ਹੁੰਦਾ ਤਾਂ ਇਹਨੂੰ ਕੁਚਲਾ ਦੇ ਕੇ ਮਗਰੋਂ ਲਾਹ ਛੱਡੋ।”

ਇਹੋ ਜਹੀਆਂ ਤੱਤੀਆਂ ਕੋਸੀਆਂ ਹਿਕ ਸਾਰੀਆਂ ਗੱਲਾਂ ਕਰ, ਵੱਸਤੀ ਦਾ ਬੁਢਾ ਬਾਬਾ ਕਾਉੜ ਤੇ ਕਾਲ੍ਹ ਨਾਲ ਬੂਹਿਓਂ ਨਿਕਲਣ ਲਗਾ ਤੇ ਹਿਕ ਗੱਭਰੂ ਭਜ ਕੇ ਉਹਨੂੰ ਪਿਛਾਂਹ ਮੋੜਨ ਦੇ ਤਰਲੇ ਕਰਣ ਲਗ ਪਿਆ। ਜਦੋਂ ਬਾਬਾ ਪਿਛਾਂਹ ਮੁੜਨ ਤੇ ਰਾਜ਼ੀ ਨਾਂ ਹੋਇਆ ਤੇ ਉਹ ਗੱਭਰੂ ਉਹਨੂੰ ਖਰਵੇ ਬੁਲਾਰੇ ਨਾਲ ਆਂਖਣ ਲਗਾ:

“ਤੂੰ ਇੱਥੇ ਅਜ ਤਾਂ ਨਹੀਉਂ ਆਇਆ। ਸਾਥੋਂ ਤੇ ਵੱਡਾ ਏਂ, ਦਾਰੂ ਯਾਂ ਕੁਚਲਾ ਦੇਣ ਆਲਾ ਕੰਮ ਤੂੰ ਕਰ ਛਢੇਂ ਹਾ। ਕੁਝ ਤਾਂ ਤੇਰਾ ਵੀ ਲਗਦਾ ਏ।”

ਇਸ ਤੋਂ ਪਹਿਲਾਂ, ਬਾਬਾ ਕੋਈ ਜਵਾਬ ਦੇਂਦਾ, ਓਥੇ ਬੈਠਾ ਹਿਕ ਹੋਰ ਵਡੇਰੀ ਉਮੱਰ ਦਾ ਬੰਦਾ ਆਖਣ ਲਗਾ:

“ਐਵੇਂ ਰੋੜ੍ਹ ਨਾਂ ਮਿਣੋ, ਕੁਝ ਅਕਲ ਨੂੰ ਹਥ ਮਾਰੋ। ਇਹ ਪਿੱਛੇ ਕਰਣ ਦੀਆਂ ਨੇਂ। ਬਹਿ ਜਾਓ ਤੇ ਪਹਿਲਾਂ ਬਾਹਰ ਬੈਠੀ ਵਾਹਰ ਨੂੰ ਕਿਸੇ ਰਾਹੀਂ ਟੋਰਣ ਦਾ ਆਹਰ ਕਰੋ।”

ਉਹ ਘਰੋਂ ਉੱਠੇ ਤੇ ਡੇਰੇ ਤੇ ਆ ਗਏ ਜਿਹੜਾ ਵਾਹਰ ਦੇ ਬੰਦਿਆਂ ਨਾਲ ਭਰਿਆ ਹੋਇਆ ਹਾ। ਕਈ ਵਾਣ ਦੀਆਂ ਮੰਜਿਆਂ ਤੇ ਬੈਠੇ ਹਾਇਨ ਤੇ ਕੁਝ ਭੋਈਂ ਤੇ ਪੈਰਾਂ ਭਾਰ। ਉਨ੍ਹਾਂ ਦੇ ਨਾਲ ਦੇ ਕੁਝ ਅਜੇ ਤਾਈਂ ਉਸ ਵੱਸਤੀ ਦੀਆਂ ਲਾਹਮਾਂ ਤੇ ਤਰੇਢਾਂ ਦੇਂਦੇ ਪਏ ਹਾਇਨ, ਮਤਾਂ ਖੁਰਾ ਅਗਾਂਹ ਵੀ ਜਾਂਦਾ ਹੋਵੇ।

ਇਹ ਵਾਹਰ ਉਸ ਤਲ ਦੇ ਕਿਸੇ ਦੂਏ ਪਿੰਡ ਤੋਂ ਹਾਈ ਜਿਸ ਦੇ ਹਿਕ ਕੱਚੇ ਘਰ ਵਿਚ ਚਾਰ ਦੀਂਹ ਪਹਿਲਾਂ ਚੋਰਾਂ ਸੰਨ੍ਹ ਲਾਈ ਤੇ ਉਸ ਘਰ ਵਿਚੋਂ ਉਹੰਦੀਆਂ ਆਸਾਂ ਹਿਕ ਲੜ ਵਿਚ ਬੰਨ੍ਹ ਕੇ ਲੈ ਗਏ। ਚੋਰ ਖ਼ੋਰੇ ਕੁਝ ਹੋਰ ਵੀ ਲੈ ਜਾਂਦੇ ਪਰ ਉਸ ਘਰ ਵਿਚ ਕੱਚੀਆਂ ਕੱਧਾਂ ਤੇ ਕੁਰਮਾਈਆਂ ਹੋਈਆਂ ਅਸਾਂ ਸਿਵਾ ਕੁਝ ਹਾ ਈ ਨਹੀਂ। ਵਾਹਰ ਨਾਲ ਆਏ ਬੰਦਿਆਂ ਦੀਆਂ ਰੁਖ਼ਾਂ ਨੂੰ ਵੇਖ ਇਹ ਗਲ ਹੋਰ ਵੀ ਪੱਕੀ ਤੇ ਸੱਚੀ ਲਗਦੀ ਹਾਈ। ਇਸ ਚੋਰੀ ਦੀ ਉੱਤੇ ਲੰਮੇ ਹੁਲ ਪੈ ਗਈ। ਜਿਸ ਵੀ ਸੁਣਿਆ, ਹਾਏ ਹਾਏ ਕੀਤੀ।

ਵਾਹਰ ਨਾਲ ਸੈ ਚਿਰ ਝੇੜਾ ਪਿਆ ਰਿਹਾ। ਅਖ਼ੀਰ ਗਲ ਸੋਂਹ ਨਿਆਂ ਤੇ ਮੁੱਕੀ। ਵੱਸਤੀ ਆਲਿਆਂ ਵਾਹਰ ਨੂੰ ਜ਼ਾਮਨ ਦੇ ਅਗਲੇ ਚਨ ਦੀ ਯਾਰ੍ਹਵੀਂ ਦਾ ਕਾਰਾ ਲੈ ਲਿਆ। ਉਂਜ ਟੁਰਦੀ ਵਾਹਰ ਨੂੰ ਆਹਮ ਲਾਹਮ ਤੇ ਝਾਤੀ ਮਾਰਣ ਦਾ ਵੀ ਆਖ ਛੱਡਿਆ।

ਵਾਹਰ ਦੇ ਡੇਰੇ ਵਿਚੋਂ ਜਾਵਣ ਮਗਰੋਂ ਉਹ ਆਪਸ ਵਿਚ ਮੁੜ ਗਲੀਂ ਹੋ ਗਏ। ਬਾਬਾ ਬੋਲਿਆ:

“ਜੇ ਇਹਨੂੰ ਸ਼ੁਰੂ ਵਿਚ ਈ ਕੋਈ ਹਟਕ ਹੋੜ ਹੋ ਜਾਂਦੀ ਤੇ ਨਾਂ ਇਹਿਦਾ ਝਾਕਾ ਲਹਿੰਦਾ ਤੇ ਨਾਂ ਗਲ ਇੱਥੇ ਅਪੜਦੀ।”

ਥੋੜਾ ਚਿਰ ਸਾਰੇ ਚੁਪ ਕਰ ਗਏ। ਮੁੜ ਹਿਕ ਗੱਭਰੂ, ਜਿਹੜਾ ਸ਼ੱਕੀ ਚੋਰ ਦਾ ਨਿਕਾ ਭਰਾ ਹਾ, ਮੱਠਾ ਜਿਹਾ ਬੋਲਿਆ:

“ਸ਼ੁਰੂ ਵਿਚ ਅਜਿਹਾ ਪੱਕ ਵੀ ਨਾਹੂ, ਕਿਉਂ ਜੂ ਬੰਦੇ ਐਵੇਂ ਵੀ ਤਾਂ ਵੱਟਾ ਸਟ ਛੱਡਦੇ ਨੇਂ। ਆਪਣੇ ਵੱਲੋਂ ਤਾਂ ਬੜੀ ਤਰੱਕੜ ਰਖੀ ਏ। ਤੁਹਾਨੂੰ ਵੀ ਪਤਾ ਏ, ਉਹਨੂੰ ਹਿਕ ਅਵੱਲੀ ਜਹੀ ਬੀਮਾਰੀ ਏ। ਪਰ ਜਿਨ੍ਹਾਂ ਦਾ ਨੁਕਸਾਨ ਹੋਇਆ ਏ ਉਨ੍ਹਾਂ ਇਹ ਗਲ ਕਦੋਂ ਮਨਣੀ ਏ। ਦੱਸ ਕਰੀਏ ਕੀ?”

ਬਾਬਾ ਅਗੋਂ ਕਾਉੜ ਨਾਲ ਬੋਲਿਆ:

“ਬੀਮਾਰੀ ਦਾ ਇਲਾਜ ਦਾਰੂ ਦਵਾਈ ਹੁੰਦਾ ਏ, ਸੰਨ੍ਹਾਂ ਲਾਣੀਆਂ ਨਹੀਂ। ਚੋਰੀ ਵੀ ਕਿਸੇ ਵਸਬ ਦੀ ਹੁੰਦੀ ਏ, ਪਰ ਇਹ, ਇਸ ਤਾਂ ਅਤ ਚਾ ਲਈ। ਜੇ ਇਸ ਕਿਸੇ ਦੀ ਗਲ ਲੁਕਾਈ, ਮੋੜ ਦਿੱਤੀ। ਕਿਸੇ ਦਾ ਦੀਂਹ ਲੁਕਾਇਆ ਚੁਕਾ ਦਿੱਤਾ। ਕਿਸੇ ਦੀ ਰਾਤ ਲੁਕਾਈ, ਹਟਾ ਦਿੱਤੀ। ਗਲ ਹਦੋਂ ਤਾਂ ਓਦੋਂ ਵਧੀ ਜਦੋਂ ਪਹਿਲੀ ਵਾਰੀ ਵਾਹਰ ਖੁਰਾ ਉਲੀਕਦੀ ਆਪਣੀ ਵਸਤੀ ਆਈ ਤੇ ਉਸ ਡੀਵੇ ਦਾ ਚੋਰੀ ਹੋਇਆ ਚਾਨਣ ਮੋੜਨ ਦਾ ਆਖਣ ਲਗੀ ਜਿਹੜਾ ਰਾਤੀਂ ਉਨ੍ਹਾਂ ਦੀ ਵੱਸਤੀ ਵਿਚ ਹਿਕੱਲਾ ਬਲਦਾ ਹਾ। ਵਾਹਰ ਆਖੇ:

“ਅਸੀਂ ਤੇ ਉਸ ਡੀਵੇ ਦੀ ਲਾਟ ਤੇ ਮੌਤ ਦੇ ਦੀਂਹ ਗਿਣਦੇ ਪਏ ਹਾਸੇ, ਸ਼ਕ ਏ ਬੰਦੇ ਸਾਨੂੰ ਉਹ ਵੀ ਪੂਰੇ ਨਾਂ ਕਰਣ ਦੇਵਣ।”

ਬਾਬਾ ਹਿਕ ਵਾਰੀ ਚੁਪ ਕਰਕੇ ਮੁੜ ਬੋਲਿਆ:

“ਖ਼ੁਦਾ ਦੀ ਕਰੀਏ, ਹਾਇਨ ਤੇ ਉਹ ਸੱਚੇ ਨਾਂ। ਇਸ ਕੋਲੋਂ ਪੁੱਛਿਆ, ਪਹਿਲੇ ਤੇ ਮੰਨਿਆ ਨਾਂ। ਗੱਲਾਂ ਹੋਈਆਂ ਖੋਜੀਆਂ ਖੁਰੇ ਵੇਖੇ ਤੇ ਜਦੋਂ ਗਲ ਸੋਂਹ ਨਿਆਂ ਤੇ ਆਈ ਇਸ ਨੀਵੀਂ ਸੁਟ ਲਈ। ਮੁੜ ਜਿਹੜਾ ਹਾਲ ਹੋਇਆ, ਕਿਸੇ ਤੋਂ ਲੁਕੀ ਹੋਈ ਤਾਂ ਨਹੀਂ। ਸਾਰਿਆਂ ਨੂੰ ਚਾਨਣ ਨੇਂ।”

ਇਹ ਗੱਲਾਂ ਸੁਣ ਕੇ ਉਨ੍ਹਾਂ ਵਿਚੋਂ ਹਿਕ ਢਲਦੀ ਉਮੱਰ ਦਾ ਬੰਦਾ ਬੋਲਿਆ:

“ਖ਼ੁਦਾ ਨੂੰ ਜਿੰਦ ਦੇਵਣੀ ਏ। ਮੈਨੂੰ ਕਿਸੇ ਦਾ ਡਰ ਨਹੀਂ ਤੇ ਨਾਂ ਮੈਥੋਂ ਗਲ ਰਖ ਕੇ ਹੁੰਦੀ ਏ। ਓਦੋਂ ਵੀ ਅੱਜ ਵਾਂਗੂੰ ਤੁਹਾਡੇ ਸਾਰਿਆਂ ਦਾ ਮੁਹਾੜ ਇਹਿਦੇ ਵਲ ਹੋ ਗਿਆ ਹਾ। ਇਹ ਨੀਵੀਂ ਨਾਂ ਸਟਦਾ ਤੇ ਕੀ ਕਰਦਾ। ਪਿੱਛੇ ਖੇਚਲ ਤਾਂ ਢੇਰ ਬਣੀ ਪਰ ਇਹ ਨਿਤਾਰਾ ਤਾਂ ਹੋ ਗਿਆ ਹਾ ਜੂ ਇਹ ਉਨ੍ਹਾਂ ਦੇ ਚਾਨਣ ਦਾ ਚੋਰ ਨਾਹਓ।”

ਉਹ ਬੰਦਾ ਥੋੜਾ ਚਿਰ ਚੁਪ ਕਰਕੇ ਮੁੜ ਬੋਲਿਆ:

“ਸਾਰੇ ਜਹਾਨ ਦੀਆਂ ਚੋਰੀਆਂ ਇਹੋ ਕਰਦਾ ਏ? ਸਾਰੇ ਜਾਣਦੇ ਨੇਂ, ਵੱਡੇ ਰੱਸਾ ਗੀਰ ਤੇ ਲਾਹੰਦੇ ਆਲੇ ਨੇਂ, ਤਾਂ ਈ ਤੇ ਹਰ ਕਾਣਾ ਪਿੱਲਾ ਬੰਦਾ ਉਨ੍ਹਾਂ ਦੀ ਸਾਹ ਜਾ ਲੈਂਦਾ ਏ। ਉਹ ਤਕੜੇ ਨੇਂ, ਉਨ੍ਹਾਂ ਵਲ ਪੁੱਜਦਾ ਕੋਈ ਨਹੀਂ। ਸਾਨੂੰ ਕਮਜ਼ੋਰ ਜਾਣ, ਸਾਰਿਆਂ ਰਾਹ ਘਤ ਲਿਆ ਏ।”

ਉਹ ਕੁਝ ਸੋਚ ਕੇ ਮੁੜ ਬੋਲਿਆ:

“ਬਾਲ ਤਾਂ ਨਹੀਂ ਜੇ ਸਮ੍ਹਲਦੇ ਹੋਸੋ। ਕਾਲੀਆਂ ਰਾਤਾਂ ਆਲੇ ਸਾਲ ਬੰਦਿਆਂ ਦੇ ਸੁਫ਼ਨੇ ਸਣੇ ਅਖੀਂ ਕਿਹਨਾਂ ਲੁਟੇ ਹਾਇਨ। ਲਾਹੰਦੇ ਆਲਿਆਂ। ਜੇ ਉਨ੍ਹਾਂ ਵਿਚੋਂ ਕੋਈ ਹੱਟਿਆ ਵੀ ਤਾਂ ਉਹ ਵੀ ਟਾਵਾਂ ਟਾਵਾਂ ਨਾਲੇ ਲੁੱਟਿਆ ਪੁੱਟਿਆ। ਉਸ ਤੋਂ ਦੋ ਸਾਲ ਮਗਰੋਂ ਕੁਤਬ ਆਲੇ ਪਾਸੇ ਦੇ ਵਸਨੀਕਾਂ ਦੇ ਬੱਦਲ ਉਨ੍ਹਾਂ ਦੀ ਆਪਣੀ ਜੂਹ ਵਿਚੋਂ ਕਿਸ ਵਲ ਕੇ ਢੱਕੇ ਹਾਇਨ? ਲਾਹੰਦੇ ਆਲਿਆਂ। ਸੁਣਿਆ ਏ ਕੁਝ ਹਟੇ ਤਾਂ ਹੈਣ ਐਵੇਂ ਐਰ ਜਿਹੇ। ਨਾਂ ਹੋਇਆਂ ਵਰਗੇ। ਨਾਂ ਛਾਂ ਜੋਗੇ ਨਾਂ ਵੱਸਣ ਜੋਗੇ।”

ਉਹ ਥੋੜਾ ਚਿਰ ਚੁੱਪ ਰਿਹਾ ਤੇ ਮੁੜ ਬੋਲਿਆ:

“ਵਾਹਰਾਂ ਤੇ ਖੋਜੀ ਓਦੋਂ ਵੀ ਸ਼ਕ ਕਰ, ਮੁੜ ਮੁੜ ਸਾਡੇ ਵਲ ਭਜਦੇ ਹਾਇਨ। ਇਸ ਚੋਰੀ ਪਾਰੋਂ ਵੀ ਸਾਈਆਂ ਵਲ ਸੁਨੇਹਾ ਘਲ ਛੱਡੋ ਭਈ ਸਿਰਫ਼ ਅਸਾਂ ਤੇ ਪੱਕ ਨਾਂ ਪਕਾਉਣ ਐਦੋਂ ਓਦੋਂ ਵੀ ਪਤਾ ਕਰਨ। ਸਾਨੂੰ ਵੀ ਚੰਗੀ ਤਰ੍ਹਾਂ ਪੜਚੋਲ ਕਰਨੀ ਪੋਸੀ, ਕਿਉਂ ਜੇ ਸਾਬਤ ਹੋ ਗਈ ਤੇ ਇਹ ਚੋਰੀ ਚੁਕਾਣੀ ਸੈ ਔਖੀ ਨੇਂ।”

ਇਹ ਗੱਲਾਂ ਸੁਣ ਕੇ ਸ਼ੱਕੀ ਚੋਰ ਦਾ ਭਰਾ ਸੜੇ ਹੋਏ ਬੁਲਾਰੇ ਨਾਲ ਬੋਲਿਆ:

“ਸਾਰੇ ਗੱਲਾਂ ਨਾਲ ਮੂੰਹ ਰਖਣੀ ਥੋੜੀ ਕਰੋ। ਕੁਝ ਤਰਾਣ ਓਦੋਂ ਮਾਰੋ ਹਾ ਜਦੋਂ ਲਾਹੰਦੇ ਆਲਿਆਂ ਮੇਰੇ ਭਰਾ ਦੇ ਚਨ ਦੀ ਚਾਨਣੀ ਤੇ ਮਲ ਮਾਰਿਆ ਹਾ। ਅਸੀਂ ਕੂਕਦੇ ਰਹੇ, ਤੁਸੀਂ ਸਾਰੇ ਤਮਾਸ਼ਾ ਵੇਖਦੇ ਰਹੇ। ਚਲੋ ਅਜੋਕੀ ਵਾਹਰ ਤੇ ਸ਼ਕ ਤੇ ਆਈ ਏ ਪਰ ਇਸ ਗਲ ਦਾ ਤੁਹਾਨੂੰ ਕੀ ਸਾਰੇ ਜਹਾਨ ਨੂੰ ਸ਼ੀਸ਼ਾ ਏ ਜੂ ਉਹੰਦੀ ਚਾਨਣੀ ਦੇ ਪੱਕੇ ਚੋਰ ਲਾਹੰਦੇ ਆਲੇ ਨੇਂ।”

ਉਹ ਗੱਭਰੂ ਥੋੜਾ ਚਿਰ ਅੜਕ ਕੇ ਆਖਣ ਲਗਾ:

“ਹੱਕ ਦੀ ਕਰੋ। ਚਾਨਣੀ ਤੋਂ ਬਿਨਾਂ ਹਿਆਤੀ ਤਾ ਹਨੇਰੀ ਰਾਤ ਏ ਨਾਂ। ਇਸ ਹਨੇਰੇ ਆਲੇ ਹੰਡੇਪ ਪਾਰੋਂ ਮੇਰਾ ਭਰਾ ਰਾਹ ਖੜਾ ਬੈਠਾ ਤੇ ਹਿਕ ਅੰਨ੍ਹੀ ਜਹੀ ਬੀਮਾਰੀ ਉਹੰਦੇ ਗਲ ਲਗ ਗਈ। ਹਿਕ ਹਨੇਰਿਆਂ ਦਾ ਵਾਸੀ ਦੂਈ ਅੰਨ੍ਹੀ ਬੀਮਾਰੀ, ਜੇ ਉਸ ਕੜਮੇ ਇਨ੍ਹਾਂ ਕਾਲਖਾਂ ਨੂੰ ਗਲੋਂ ਲਾਹਣ ਲਈ ਹੱਥ ਪੈਰ ਮਾਰੇ ਤੇ ਤੁਸਾਂ ਉਹਨੂੰ ਪੂਰੇ ਵਸੇਬ ਵਿਚ ਚੋਰ ਚੋਰ ਆਖ ਕੇ ਭੰਡ ਛੱਡਿਆ। ਜੇ ਉਹ ਵੀ ਚਾਨਣ ਮਾਣ ਰਿਹਾ ਹੁੰਦਾ ਤੇ ਉਹੰਦੇ ਨਾਲ ਇੰਜ ਕਦੀ ਵੀ ਨਾਂ ਹੁੰਦੀ, ਪਰ ਹਰ ਕੋਈ ਆਪਣਾ ਲਿਖਿਆ ਲੈਂਦਾ ਏ।”

ਉਹ ਗੱਭਰੂ ਹਿਕ ਵਾਰੀ ਮੁੜ ਬੁਡਦੇ ਬੁਲਾਰੇ ਨਾਲ ਬੋਲਿਆ:

“ਭਿਰਾ ਭਾਵੇਂ ਜਹਾਨ ਤੋਂ ਮੰਦੇ ਹੋਵਣ ਛੱਡ ਸੰਗਦੇ ਨੇਂ? ਤਾਂ ਈ ਤਾਂ ਮੈਂ ਤੁਹਾਡੇ ਸਾਰਿਆਂ ਦੇ ਬੂਹੇ ਬੂਹੇ ਟੁਰਿਆ ਪਰ ਕਿਸੇ ਪਾਸੋਂ ਵੀ ਖ਼ੈਰ ਦੀ ਲਪ ਨਾਂ ਪਈ। ਉਨ੍ਹਾਂ ਵੇਲਿਆਂ ਵਿਚ ਹਿਕ ਦੀਂਹ ਬੀਮਾਰ ਮੈਨੂੰ ਆਖਣ ਲਗਾ:

ਨੂੰਭੈੜਿਆ! ਛਡ, ਗੁਸਤਾਨਾਂ ਵਿਚ ਸੱਦ ਮਾਰਨ ਦਾ ਕੋਈ ਫ਼ੈਦਾ ਹੈ। ਓਥੋਂ ਆ ਕੇ ਅੱਜ ਤਾਈਂ ਕੋਈ ਜੀਂਦਿਆਂ ਦੀ ਹਾਠ ਨਹੀਂ ਬਣਿਆ। ਜਿਹੜਾ ਕਰਨਾ ਏ ਆਪੇ ਕਰਨਾ ਏ।ਨੂੰ

ਬੀਮਾਰ ਦੀਆਂ ਇਹੋ ਜਹੀਆਂ ਸੁਣ ਮੈਂ ਅਗੋਂ ਚੁਪ ਕਰ ਜਾਂਦਾ। ਤੁਹਾਨੂੰ ਉਹੰਦੇ ਅਸਲੇ ਦਾ ਵੀ ਪਤਾ ਏ ਤੇ ਉਹੰਦੀ ਬੀਮਾਰੀ ਦਾ ਵੀ। ਮੈਂ ਹੁਣ ਤਾਈਂ ਤੁਹਾਂ ਦੇ ਮੂੰਹ ਵਲ ਵੇਖਦਾ ਆਉਣਾ ਜੂ ਅਜ ਕੁਝ ਕਰਸੋ, ਕਲ ਕੁਝ ਕਰਸੋ, ਪਰ ਹੋਇਆ ਕੁਝ ਵੀ ਨਾਂ। ਮੁਕਦੀ ਕਰੀਏ, ਤੁਸੀਂ ਦੱਸੋ, ਵੱਡੇ ਹਾਏ ਤੁਸਾਂ ਹੁਣ ਤਾਈਂ ਉਹੰਦੇ ਲਈ ਕੀ ਕੀਤਾ ਏ ?”

ਇਹ ਗੱਲਾਂ ਸੁਣ ਕੇ ਓਥੇ ਬੈਠੇ ਕਈਆਂ ਦੇ ਰੰਗ ਭਜ ਗਏ। ਬਾਬਾ ਇਕ ਵਾਰੀ ਮੁੜ ਬੋਲਿਆ:

“ਉਂਜ ਤੇ ਸਣੇ ਆਪਣੇ ਚੜ੍ਹਦੀ ਲਾਹਮ ਦਾ ਕੋਈ ਵੀ ਨਵਾਂ ਨਰੋਇਆ ਨਹੀਂ। ਹਰ ਕਿਸੇ ਨੂੰ ਛੋਟੀ ਮੋਟੀ ਬੀਮਾਰੀ ਜਮਾਂਦਰੂ ਏ। ਰਹੀ ਗਲ ਇਹੰਦੀ, ਜਿਹੜਾ ਸਾਡੇ ਵੱਸ ਵਿਚ ਹਾ ਉਹ ਕੀਤਾ ਏ ਤੇ ਕਰਦੇ ਪਏ ਹਾਈਂ। ਜਿੱਥੇ ਵੀ ਕਿਸੇ ਦੀ ਦਸ ਪੋਂਦੀ ਏ ਇਹੰਦੀ ਪਾਰੋਂ ਡਿੱਗਦੇ ਢਾਂਦੇ ਅਪੜ ਜਾਂਦੇ ਹਾਈਂ। ਹਕੀਕਤ ਸੁਣ ਕੇ ਕਈ ਉੱਕਾ ਵਲਾ ਜਾਂਦੇ ਨੇਂ। ਕਈ ਆਖਦੇ ਨੇਂ, ਉਹ ਇਹੋ ਜਿਹਾਂ ਮਰਜ਼ਾਂ ਦਾ ਇਲਾਜ ਨਹੀਂ ਕਰਦੇ। ਕਈ ਢੱਠੇ ਦਿਲ ਨਾਲ ਦਵਾਈ ਦੇਂਦੇ ਨੇਂ ਪਰ ਕੋਈ ਮਰਜ਼ ਨੂੰ ਠਾਹਕੇ ਵੀ ਨਾ। ਜਿਹੜੇ ਹਕੀਮ ਦੀਆਂ ਪੁੜੀਆਂ ਅਜ ਕਲ ਖਾਂਦਾ ਪਿਆ ਏ ਉਹੰਦੀ ਹਿਕਮਤ ਵਿਚ ਕਿਸੇ ਨੂੰ ਸ਼ਕ ਤਾਂ ਨਹੀਂ, ਉਹ ਅਸਾਂ ਈ ਲਿਆ ਕੇ ਦਿੱਤੀਆਂ ਨੇਂ। ਬਾਕੀ ਸ਼ਫ਼ਾ ਤੇ ਰੱਬ ਕੋਲ ਏ।”

ਬੀਮਾਰ ਦਾ ਭਰਾ ਅੱਗੋਂ ਬੋਲਿਆ:

“ਸ਼ਫ਼ਾ ਤੇ ਰੱਬ ਕੋਲ ਏ, ਪਰ ਇਨਸਾਫ਼ ਤੇ ਬੰਦਿਆਂ ਕੋਲ ਏ ਨਾਂ। ਮੈਂ ਉਹੰਦੇ ਨਾਲ ਰਲ ਕੇ ਐਡਾ ਹੋਇਆ ਆਂ। ਉਹਨੂੰ ਹੁਣ ਪੁੜੀਆਂ ਦੀ ਨਹੀਂ ਚੀਰੇ ਪਾੜੇ ਦੀ ਲੋੜ ਏ।”

“ਚੀਰਾ ਪਾੜਾ ਤਾਂ ਕੋਈ ਵੱਡਾ ਡਾਕਟਰ ਈ ਕਰਸੀ, ਇਹ ਆਪਣਿਆਂ ਹਕੀਮਾਂ ਕੋਲੋਂ ਤਾਂ ਹੁੰਦਾ ਨਾਹੀਂ। ਚਲੋ ਉਹ ਵੀ ਕੋਈ ਤਰਲਾ ਕਰਦੇ ਹਾਈਂ ਪਹਿਲਾਂ ਅਜੋਕੀ ਵਾਹਰ ਤੋਂ ਤੇ ਇਹੰਦੀ ਕੰਡ ਪਾਕ ਕਰੀਏ।” ਵਡੇਰੀ ਉੱਮਰ ਦਾ ਬੰਦਾ ਬੋਲਿਆ।

ਇਹ ਗਲ ਸੁਣ ਕੇ ਉਹਦਾ ਭਰਾ ਘਰ ਨੂੰ ਗਿਆ ਤੇ ਥੋੜੇ ਚਿਰ ਮਗਰੋਂ ਆ ਕੇ ਆਖਣ ਲਗਾ:

“ਇਹ ਪੱਕ ਨੇਂ, ਇਹ ਚੋਰੀ ਮੇਰੇ ਭਿਰਾ ਨਹੀਂ ਕੀਤੀ। ਤੁਸੀਂ ਉਨ੍ਹਾਂ ਨੂੰ ਯਾਰ੍ਹੀ ਤੇ ਬੇ ਸ਼ਕ ਨਿਆਂ ਦੇ ਛੱਡੋ।”

ਇਹ ਸੁਣ ਸਾਰਿਆਂ ਦੇ ਰੁਖ਼ ਵਲ ਹੋ ਗਏ। ਵਡੇਰੀ ਉੱਮਰ ਦਾ ਬੰਦਾ ਆਖਣ ਲਗਾ:

“ਉਨ੍ਹਾਂ ਵਲ ਅਜੋ ਸੁਨੇਹਾ ਘਲੋ ਭਈ ਉਹ ਆਪਣਾ ਖੁਰਾ ਕਿਸੇ ਹੋਰ ਪਾਸੇ ਵੀ ਟੋਰਨ। ਜੇ ਗਲ ਪੁਰਾਣੀ ਹੋ ਗਈ ਤੇ ਉਹ ਵੀ ਕਈਆਂ ਦੂਈਆਂ ਵਾਂਗੂ ਐਵੇਂ ਸਾਰੀ ਉੱਮਰ ਵਣੋਜ ਪਏ ਰਹਿਸਣ।”

ਜਿਨ੍ਹਾਂ ਦੀਆਂ ਆਸਾਂ ਚੋਰੀ ਹੋਈਆਂ ਉਹ ਵਸਨੀਕ ਤੇ ਕੱਚਿਆਂ ਕੋਠਿਆਂ ਦੇ ਹਾਇਨ ਪਰ ਉਨ੍ਹਾਂ ਦੇ ਹੋਸਲੇ ਪੱਕੇ ਹਾਇਨ। ਉਨ੍ਹਾਂ ਚਾਰ ਚੁਫ਼ੇਰ ਦੇ ਖੋਜੀ ਸੱਦ ਲੇ ਤੇ ਖੁਰਾ ਨਵੇਂ ਸਿਰੋਂ ਕੱਢਿਆ। ਬੜੀਆਂ ਖੇਚਲਾਂ ਤੋਂ ਪਿੱਛੇ ਇਸ ਚੋਰੀ ਦਾ ਖੁਰਾ ਵੀ ਲਾਹੰਦੇ ਵਲ ਟੁਰ ਪਿਆ। ਵਾਹਰ ਟੁਰਦੀ ਰਹੀ। ਅੰਤ ਨੂੰ ਵਾਹਰ ਆਪਣੀਆਂ ਸਗਵੀਆਂ

ਆਸਾਂ ਲਾਹੰਦੇ ਆਲਿਆਂ ਕੋਲ ਤਕ ਲਈਆਂ। ਵਾਹਰ ਆਸਾਂ ਮੰਗੀਆਂ। ਲਾਹੰਦੇ ਆਲੇ ਆਸਾਂ ਮੋੜਨ ਤੋਂ ਨਾਂ ਸਿਰਫ਼ ਮੁਨਕਰ ਹੋਏ ਹੱਥੋਂ ਉਨ੍ਹਾਂ ਵਾਹਰ ਨੂੰ ਵਧ ਘਟ ਵੀ ਬੋਲਿਆ। ਵਾਹਰ ਦਲੀਲਾਂ ਕਰਦੀ ਸਖਣੇ ਹਥੀਂ ਹਟ ਆਈ।

ਆਉਂਦਿਆਂ ਨਾਲ ਈ ਵਾਹਰ ਬੀਮਾਰ ਆਲੀ ਵਸਤੀ ਸਮੇਤ ਪੂਰੇ ਵਸੇਬ ਵਿਚ ਹਿਕ ਸੁਨੇਹਾ ਘਲ ਦਿੱਤਾ। ਸਾਰੇ ਵਸੇਬ ਦੇ ਸਿਆਣੇ ਇਕੱਠੇ ਹੋ ਗਏ। ਗੱਲ ਇੱਥੇ ਮੁੱਕੀ:

"ਪੂਰੇ ਵਸੇਬ ਵਿਚੋਂ ਹਰ ਘਰ ਦਾ ਹਿਕ ਪਗੜੀ ਵਲ, ਅਗਲੀ ਪਹਿਲੀ ਤੇ ਪੁੱਜ ਕੇ ਆਵੇ ਤੇ ਸਾਰੇ ਰੱਲ, ਲਾਹੰਦੇ ਆਲਿਆਂ ਕੋਲੋਂ ਆਸਾਂ ਤੇ ਚਾਨਣੀ ਮੰਗੀਏ।"

ਵੇਲਾ ਟੁਰਦਾ ਰਿਹਾ। ਪਹਿਲੀ ਵੀ ਆ ਗਈ। ਆਂਸਾਂ ਤੇ ਚਾਨਣੀ ਆਲਿਆਂ ਦੇ ਥੋੜੇ ਜਿਹੇ ਬੰਦਿਆਂ ਸਵਾ ਹੋਰ ਕੋਈ ਵੀ ਨਾਂ ਆਇਆ। ਉਹ ਅਜੇ ਸਲਾਹਵਾਂ ਵਿਚ ਹਾਇਨ ਜੂ ਅਗਾਂ ਵਧੀਏ ਯਾਂ ਪਿਛਾਂਹ ਹੱਟੀਏ, ਇਤਨੇ ਨੂੰ ਉਨ੍ਹਾਂ ਕੁਤਬ ਆਲੇ ਪਾਸੇ ਦੀ ਵੱਸਤੀ ਦੇ ਵਸਣੀਕਾਂ ਦੀਆਂ ਕੂਕਾਂ ਸੁਣੀਆਂ। ਓਥੋਂ ਦਾ ਹਿਕ ਸੁਨੇਹੋ ਸਹਿਕਦਾ ਸਹਿਕਦਾ ਉਨ੍ਹਾਂ ਕੋਲ ਅਪੜਿਆ ਤੇ ਆਖਣ ਲਗਾ:

"ਸਾਡੀ ਵੱਸਤੀ ਰਾਤੀਂ ਚੋਰਾਂ ਸਨ੍ਹ ਲਾਈ ਏ ਤੇ ਸਾਡੀਆਂ ਸੱਧਰਾਂ ਸਣੇ ਇਰਾਦਿਆਂ ਲੁਟ ਕੇ ਲੈ ਗਏ ਨੇਂ। ਆਓ ਸਾਡੀ ਵਾਹਰ ਨਾਲ ਰਲੋ।"

ਲਾਹੰਦੇ ਆਲਿਆਂ ਕੋਲੋਂ ਆਸਾਂ ਤੇ ਚਾਨਣੀ ਮੋੜਨ ਲਈ ਇਕੱਠੇ ਹੋਏ ਬੰਦੇ ਹਿਕ ਵਾਰੀ ਮੁੜ ਦਲੀਲਾਂ ਵਿਚ ਪੈ ਗਏ।

# ਚਿੱਟੀ ਰੱਤ



ਡੇਰੇ ਵਿਚ ਬੈਠੇ ਬੰਦਿਆਂ ਵਿਚੋਂ ਹਿਕ ਬੁਢੜੇ ਖੰਗੂਰਾ ਮਾਰਿਆ ਤੇ ਆਪਣੀ ਚਿੱਟੀ ਦਾੜ੍ਹੀ ਤੇ ਹਥ ਫੇਰਦਿਆਂ ਆਖਣ ਲਗਾ:

"ਇਨ੍ਹਾਂ ਦੀ ਮਨ ਲੋ, ਇਹ ਸੱਚੇ ਨੇਂ। ਜਿਸ ਦੀ ਗਲ ਇਹ ਕਰਦੇ ਨੇਂ ਉਹ ਹੱਕੀ ਬੰਦਿਆਂ ਦੀਆਂ ਉੱਮਰਾਂ ਖਾਂਦਾ ਹਾ। ਕਾਲ ਆਲੇ ਸਾਲ ਉਹ ਮੇਰੀ ਉੱਮਰ ਦੇ ਛੇ ਮਹੀਨੇ ਵੀ ਖਾ ਗਿਆ ਹਾ।"

ਇਹ ਗਲ ਸੁਣ, ਆਪਸ ਵਿਚ ਝਗੜਨ ਆਲੀਆਂ ਦੋਵੇਂ ਟੋਲੀਆਂ ਥੋੜਾ ਚਿਰ ਚੁੱਪ ਕਰ ਗਈਆਂ। ਇਨ੍ਹਾਂ ਵਿਚ ਹਿਕ ਪਾਸੇ ਵਸਤੀ ਦੇ ਚਾਰ ਪੰਜ ਗੱਭਰੂ ਤੇ ਦੂਏ ਪਾਸੇ ਵੱਡੀ ਉੱਮਰ ਦੇ ਦੋ ਚਾਰ ਬੰਦੇ ਹਾਇਨ। ਗਲ ਨਾਲ ਆਲੀ ਵਸਤੀ ਦੇ ਉਸ ਬੰਦੇ ਦੀ ਹਾਈ ਜਿਹੜਾ ਕੁਝ ਵਰ੍ਹੇ ਪਹਿਲਾਂ ਮਰ ਗਿਆ ਹਾ। ਵੱਡਿਆਂ ਦਾ ਆਖਣ ਹਾ ਜੂ ਮਰਣ ਆਲਾ, ਬੰਦਿਆਂ ਦੀਆਂ ਉੱਮਰਾਂ ਖਾਂਦਾ ਹਾ ਪਰ ਜਵਾਨ ਇਹ ਗਲ ਮਨਣ ਲਈ ਤਿਆਰ ਨਹੀਂ ਹਾਇਨ।

ਹਿਕ ਗੱਭਰੂ ਥੋੜੇ ਚਿਰ ਪਿੱਛੋਂ ਬੋਲਿਆ:

"ਬਾਬਾ! ਦਿਲ ਤਾਂ ਨਹੀਂ ਮੰਨਦਾ, ਜੇ ਤੂੰ ਆਹਨਾ ਏਂ ਤਾਂ...... ਮੁੜ ਵੀ ਹਿਕ ਬੰਦਾ ਦੂਈਆਂ ਦੀਆਂ ਉੱਮਰਾਂ ਕਿਵੇਂ ਖਾ ਸੰਗਦਾ ਏ?"

ਬੁਢੜੇ ਸੋਟੀ ਦੀ ਚੁੰਝ ਨਾਲ ਭੋਈਂ ਤੇ ਲੀਕਾਂ ਮਾਰੀਆਂ ਤੇ ਬੋਲਿਆ:

"ਉੱਮਰਾਂ ਖਾਵਣੀਆਂ ਤੇ ਉਸ ਪਿੱਛੇ ਸ਼ੁਰੂ ਕੀਤੀਆਂ ਹਾਇਨ, ਪਹਿਲਾਂ ਤੇ ਉਹ ਭੋਈ ਖਾਂਦਾ ਹਾ। ਇਸ ਪੂਰੇ ਵਸੇਬ ਵਿਚ ਕੋਈ ਅਜਿਹਾ ਮੋਜ਼ਾ ਨਹੀਂ ਜਿੱਥੇ ਉਸ ਦੀ ਮਾਲਿਕੀ ਨਾਂ ਹੋਵੇ। ਹਿਕ ਸਿਆਣੇ ਦਾ ਆਖਣ ਏ ਭਈ ਖ਼ੋਰੇ ਉਹੰਦੀ ਰੂਹ ਭੁੱਖੀ ਹਾਈ, ਜਿਹੜੀ ਭੋਈਂ ਖਾ ਖਾ ਕੇ ਵੀ ਨਾਂ ਰੱਜੀ ਤੇ ਇਸ ਭੁੱਖ ਨੂੰ ਮਾਰਣ ਲਈ ਉਸ ਬੰਦਿਆਂ ਦੀਆਂ ਉੱਮਰਾਂ ਖਾਵਣੀਆਂ ਸ਼ੁਰੂ ਕਰ ਦਿੱਤੀਆਂ।"

"ਅੱਲ੍ਹਾ ਮੁਆਫ਼ ਕਰੇ, ਭੁੱਖ ਉਂਜ ਵੀ ਚੰਗੀ ਸ਼ੈ ਨਹੀਂ, ਇਹ ਜੇ ਰੂਹ ਨੂੰ ਲਗ ਜਾਵੇ ਤਾਂ ਹਲਾਲ ਹਰਾਮ ਦਾ ਪਤਾ ਨਹੀਂ ਲਗਦਾ।" ਬਾਬੇ ਆਪਣੇ ਕਨਾਂ ਨੂੰ ਹੱਥ ਲਾਂਦਿਆਂ ਆਖਿਆ।

"ਛਲ ਆਲੇ ਸਾਲ ਜਦੋਂ ਕਾਲ ਪਿਆ ਤੇ ਕੱਧੀ ਆਲਿਆਂ ਬੰਦਿਆਂ ਦੀਆਂ ਜਿੱਥੇ ਵਾਹੀਆਂ ਤੇ ਘਰ ਦਰਿਆ ਖਾਦੇ ਓਥੇ ਉਸ ਵਸੇਬ ਵਿਚੋਂ ਕੋਈ ਪਤਲਾ ਪੀਣਾ ਈ ਬੱਚਿਆ ਹੋਸੀ ਜਿਹੰਦੇ ਕੁਝ ਸਾਲ ਉਸ ਨਾਂ ਖਾਦੇ ਹੋਵਣ। ਮੇਰੀ ਉੱਮਰ ਓਦੋਂ ਕੋਈ ਵੀਹ ਬਾਈ ਸਾਲ ਦੀ ਹੋਸੀ। ਮੈਂ ਤੇ ਮੇਰਾ ਬਹਿਸ਼ਤੀ ਪਿਉ ਉਹੰਦੇ ਕੋਲੋਂ ਮਾਲ ਦਾ ਭਾੜਾ ਲੈਣ ਗਏ। ਰਾਹ ਵਿਚ ਮੇਰਾ ਪਿਉ ਮੈਨੂੰ ਆਖਣ ਲਗਾ, ਬੰਦਾ ਬੜਾ ਕੱਬਾ ਏ, ਅੱਲ੍ਹਾ ਕਰੇ ਆਪਣਾ ਸੋਦਾ ਬਣ ਜਾਵੇ।"

ਮੈਂ ਅਗੋਂ ਆਖਿਆ:

"ਕੱਬਾ ਏ ਤਾਂ ਕੀ ਹੋਇਆ। ਅਸਾਂ ਮੁੱਲ ਭਰਨਾ ਏਂ, ਕਿਹੜਾ ਅੱਲ੍ਹਾ ਵਾਸਤੇ ਲੈਣਾ ਏ।"

ਇਹ ਗਲ ਸੁਣ ਕੇ ਮੇਰੇ ਪਿਉ ਮੇਰੇ ਵੱਲ ਢੱਠੇ ਹੋਏ ਰੁਖ਼ ਨਾਲ ਵੇਖਿਆ ਤੇ ਆਖਣ ਲਗਾ:

"ਮੈਂ ਦੱਸਿਆ ਏ ਨਾਂ ਉਹ ਕੱਬਾ ਬੰਦਾ ਏ ਤੇ ਮੁਲ ਵੀ ਕੱਬੇ ਕਰਦਾ ਏ।"

ਅਸੀਂ ਉਹੰਦੇ ਡੇਰੇ ਅਪੜੇ ਜਿਹੜਾ ਸਾਡੇ ਵਰਗੇ ਕਈ ਗ਼ਰਜ਼ ਮੰਦਾਂ ਨਾਲ ਭਰਿਆ ਹੋਇਆ ਹਾ। ਵਾਰੀ ਆਉਣ ਤੇ ਮੇਰੇ ਪਿਉ ਉਹੰਦੇ ਕੋਲੋਂ ਚਾਰ ਕਨਾਲੀਂ ਭਾੜੇ ਦੀਆਂ ਮੰਗੀਆਂ ਤੇ ਮੁੱਲ ਪੁੱਛਿਆ।

"ਹੁਣ ਦੇ ਵੇਲੇ ਲੋਕਾਂ ਕੋਲੋਂ ਤੇ ਚਾਰ ਕਨਾਲੀਂ ਦਾ ਮੁੱਲ ਹਿਕ ਸਾਲ ਉੱਮਰ ਲੈਂਦਾ ਪਿਆ ਹਾਂ। ਗਵਾਹੰਡੀ ਹੋਵਣ ਪਾਰੋਂ ਤੇਰੇ ਲਈ ਛੇ ਮਹੀਨੇ ਹੋਸਣ।"

ਉਸ ਰੁਖਾ ਜਿਹਾ ਜਵਾਬ ਦਿੱਤਾ।

ਉਹੰਦੀ ਇਸ ਗਲ ਦੀ ਮੈਨੂੰ ਕੋਈ ਸਮਝ ਨਾਂ ਲਗੀ। ਮੈਂ ਹੈਰਾਨੀ ਨਾਲ ਮੂੰਹ ਵਿਚ ਭਣਕਿਆ:

"ਛੇ ਮਹੀਨੇ, ਇਹ ਕਿਹੋ ਜਿਹਾ ਮੁੱਲ ਏ?"

ਖ਼ੋਰੇ ਮੇਰਾ ਪਿਉ ਇਹੋ ਜਿਹੇ ਮੁੱਲ ਬਾਰੇ ਪਹਿਲਾਂ ਈ ਜਾਣਦਾ ਹਾ। ਉਸ ਮੇਰੀ ਬਾਂਹ ਹੋਲੀ ਜਹੀ ਘੁਟ ਕੇ ਮੈਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਤੇ ਉਹੰਦੇ ਵਲ ਤਕਦਿਆਂ ਹੋਇਆਂ ਬੋਲਿਆ:

"ਮਜਬੂਰੀ ਏ। ਸਾਨੂੰ ਮਨਜ਼ੂਰ ਏ। ਛੇ ਮਹੀਨੇ ਮੈਂ ਆਪਣੀ ਉੱਮਰ ਵਿਚੋਂ ਭਰਣ ਲਈ ਤਿਆਰ ਆਂ।"

ਉਹ ਅਗੋਂ ਬੋਲਿਆ:

"ਮੈਂ ਵਧਕਾਂ ਨਹੀਂ ਖਾਂਦਾ। ਤੇਰੀ ਹੰਢੀ ਤੇ ਵੇਲੇ ਦੀ ਖਾਧੀ ਹੋਈ ਉੱਮਰ ਵਿਚੋਂ ਮੈਨੂੰ ਕੀ ਲਭਣਾ ਏ। ਜੇ ਦਿਲ ਮੰਨਦਾ ਈ ਤਾਂ ਆਪਣੇ ਪੁੱਤਰ ਦੇ ਛੇ ਮਹੀਨੇ ਦੇ ਕੇ ਚਾਰ ਕਨਾਲੀਂ ਲੈ ਲਾ। ਚੰਗੀ ਤਰ੍ਹਾਂ ਸਲਾਹ ਸੋਚ ਕਰ ਲੈ।"

ਮੇਰੇ ਪਿਉ ਆਪਣੇ ਮੂੰਹ ਤੇ ਮਥੇ ਤੇ ਆਏ ਪੱਘਰ ਨੂੰ ਸਾਫ਼ੇ ਨਾਲ ਪੂੰਝਿਆ ਤੇ ਹੋਲੀ ਜਹੀ ਆਖਣ ਲਗਾ:

"ਸਲਾਹ ਸੋਚ ਤਾਂ ਚੰਗੀ ਸ਼ੈ ਏ ਪਰ ਸਿਰਫ਼ ਸੋਚਿਆਂ ਤੇ ਕਦੇ ਕੋਈ ਕੰਮ ਨਹੀਂ ਹੋਇਆ।"

ਮੈਂ ਕਧ ਵਾਂਗੂ ਖਲਾ ਇਹ ਸਾਰੀਆਂ ਗੱਲਾਂ ਸੁਣਦਾ ਰਿਹਾ। ਜਦੋਂ ਕੋਈ ਸਮਝ ਨਾਂ ਲਗੀ ਤੇ ਪਿਉ ਕੋਲੋਂ ਪੁੱਛਣ ਲਗਾ:

"ਬਾਬਾ! ਕਾਈ ਮੈਨੂੰ ਵੀ ਦਸ। ਮੇਰੇ ਪੱਲੇ ਤੇ ਕੱਖ ਨਹੀਂ ਪਿਆ।"

ਮੇਰੇ ਪਿਉ ਮੈਨੂੰ ਓਥੋਂ ਥੋੜਾ ਦੂਰ ਲੈ ਜਾ ਕੇ ਜਦੋਂ ਸਾਰੀ ਗਲ ਖੋਲੀ ਤੇ ਮੈਂ ਅਗੋਂ ਬੋਲਿਆ:

ਨੂੰਬਾਬਾ! ਤੇਰੇ ਕੋਲ ਪਿੱਛੇ ਕਿਤਣੀ ਇਕ ਹਿਆਤੀ ਏ ਜਿਹੰਦੇ ਵਿਚੋਂ ਤੂੰ ਵੇਚਣ ਲਗਾ ਏ, ਉੱਤੋਂ ਉਹ ਮੰਨਦਾ ਵੀ ਨਹੀਂ। ਜੇ ਉਹ ਮਨ ਵੀ ਜਾਵੇ ਤੇ ਮੁੜ ਵੀ ਮੈਂ ਆਪਣੇ ਹੁੰਦਿਆਂ ਇਹ ਨਾਂ ਹੋਵਣ ਦੇਸਾਂ। ਮੈਂ ਛੇ ਮਹੀਨੇ ਭਰਣ ਲਈ ਤਿਆਰ ਆਂ।ਨੂੰ

ਇਸ ਤਰ੍ਹਾਂ ਛੇ ਮਹੀਨੇ ਉੱਮਰ ਸਾਵੇਂ ਅਸਾਂ ਚਾਰ ਕਨਾਲੀਂ ਭਾੜੇ ਦੀਆਂ ਲੈ ਲਈਆਂ। ਘਰ ਮੁੜਦਿਆਂ ਰਾਹ ਵਿਚ ਮੈਂ ਇਸ ਜ਼ੁਲਮ ਦੇ ਸੋਦੇ ਬਾਰੇ ਸੋਚਦਾ ਆਇਆ ਜਿਹੜਾ ਮਜਬੂਰੀ ਦੇ ਵੱਟਿਆਂ ਨਾਲ ਤੁਲ ਕੇ ਸਾਡੀ ਝੋਲੀ ਪਿਆ ਹਾ। ਮੇਰੇ ਪਿਉ ਮੈਨੂੰ ਦੱਸਿਆ ਜੂ ਇਸ ਬੰਦੇ ਦੀ ਘਰ ਆਲੀ ਚੰਗੀ ਹਾਈ। ਜਦੋਂ ਉਹਨੂੰ ਇਹੰਦੇ ਇਸ ਕਸੱਬ ਦਾ ਪਤਾ ਲਗਾ ਤਾਂ ਉਸ ਘਰ ਆਲੇ ਨੂੰ ਰੋਕਣ ਦੇ ਬੜੇ ਤਰਲੇ ਕੀਤੇ। ਉਹ ਘਰ ਆਲੀ ਨੂੰ ਆਖਣ ਲਗਾ:

"ਮੇਰੇ ਅੰਦਰ ਹਿਕ ਤੰਦੂਰ ਏ। ਇਸ ਤੰਦੂਰ ਦਾ ਬਾਲਣ ਸਿਰਫ਼ ਬੰਦਿਆਂ ਦੀਆਂ ਉੱਮਰਾਂ ਨੇਂ।"

ਘਰ ਆਲੀ ਆਖਿਆ:

"ਇਨ੍ਹਾਂ ਬੰਦਿਆਂ ਦੀ ਹਿਆਤੀ ਤਾਂ ਪਹਿਲਾਂ ਈ ਉਹ ਸਿੱਨੀ ਲਕੜ ਏ ਜਿਹੜੀ ਚਾਹਵਾਂ, ਸੱਧਰਾਂ ਤੇ ਮਜਬੂਰੀਆਂ ਦੀ ਅਗ ਵਿਚ ਧੁਖ਼ਦੀ ਰਹਿੰਦੀ ਏ। ਤੂੰ ਇਹ ਅਗ ਖਾਵਣ ਆਲਾ ਕੰਮ ਛੱਡ ਦੇ।"

ਉਸ ਅਗੋਂ ਹਸਦਿਆਂ ਹੋਇਆਂ ਜਵਾਬ ਦਿੱਤਾ:

"ਇਹ ਤੇ ਹੋਰ ਵੀ ਚੰਗਾ ਏ। ਇਨ੍ਹਾਂ ਦੀ ਸਾਰੀ ਧੁਖ਼ਦੀ ਵਿਚੋਂ ਕੁਝ ਦੀਂਹ ਤਾਂ ਬਲ ਕੇ ਗੁਜ਼ਰ ਜਾਸਣ।"

ਘਰ ਆਲੀ ਅਗੋਂ ਵਟ ਖਾ ਕੇ ਬੋਲੀ:

"ਜੇ ਕਦਾਈਂ ਕੋਈ ਧੁਖ਼ਦੀ ਲਕੜ ਇਸ ਤੰਦੂਰ ਵਿਚ ਵੀ ਨਾਂ ਬਲੀ ਤੇ ਵੇਖ ਲਵੀਂ ਉਹੰਦੇ ਧੂੰ ਨਾਲ ਤੇਰਾ ਸਾਹ ਘੁੱਟਿਆ ਜਾਣਾ ਈ।"

"ਤੂੰ ਆਪਣੀਆਂ ਮੱਤਾ ਆਪਣੇ ਕੋਲ ਰਖ।" ਇਹ ਆਖ, ਉਸ ਬਖ਼ਤਾਂ ਆਲੀ ਨੂੰ ਚੁੱਪ ਕਰਾ ਦਿੱਤਾ।

ਜਦੋਂ ਉਹੰਦੀ ਕਾਈ ਨਾਂ ਮਨੀ ਗਈ ਤੇ ਹਿਕ ਦੀਂਹ ਉਸ ਭਾਗ ਭਰੀ ਇਹ ਆਖਦਿਆਂ ਮੋਹਰੇ ਦੀ ਫੱਕੀ ਮਾਰ ਲਈ:

"ਹਰਾਮ ਖਾਵਣ ਆਲੇ ਸੰਗ ਜੀਵਣ ਨਾਲੋਂ ਮਰ ਜਾਵਣ ਚੰਗਾ ਏ।"

ਚੰਗਿਆਂ ਬੰਦਿਆਂ ਦੇ ਮਰਨ ਦਾ ਮਣਖ ਹਰ ਹਿਕ ਨੂੰ ਹੁੰਦਾ ਏ, ਖ਼ੋਰੇ ਇਸ ਲਈ ਬਾਬਾ ਚੁੱਪ ਹੋ ਗਿਆ। ਥੋੜੇ ਚਿਰ ਪਿੱਛੋਂ ਅਖਾਂ ਮਲਦਿਆਂ ਹੋਇਆਂ ਬੋਲਿਆ:

ਨੂੰਪੁੱਤਰੋ! ਆਖਣ ਨੂੰ ਤਾਂ ਉਹ ਛੇ ਮਹੀਨੇ ਹਾਇਨ ਪਰ ਮੈਂ ਯਾਂ ਮੇਰਾ ਰੱਬ ਜਾਣਦਾ ਏ ਜੂ ਉਹ ਛੇ ਮਹੀਨੇ ਮੈਨੂੰ ਬਾਰਾਂ ਵਰ੍ਹਿਆਂ ਤੋਂ ਵੀ ਵੱਡੇ ਲਗਦੇ ਨੇਂ। ਤਾਹੀਂ ਤਾਂ ਵੇਲੇ ਇਹ ਸੋਟੀ ਮੇਰੇ ਹਥ ਵਿਚ ਵੇਲੇ ਤੋਂ ਪਹਿਲਾਂ ਨਪਾ ਛੱਡੀ ਏ।"

ਬਾਬਾ ਇਹ ਆਖ ਕੇ ਸੋਚੀਂ ਪੈ ਗਿਆ। ਹਿਕ ਗੱਭਰੂ ਕਾਲ੍ਹ ਨਾਲ ਬੋਲਿਆ:

"ਬਾਬਾ! ਅਗਾਂਹ ਵੀ ਦਸ।"

ਬਾਬਾ ਸੋਚ ਦੇ ਖੂਹ ਵਿਚੋਂ ਨਿਕਲਿਆ ਤੇ ਆਖਣ ਲਗਾ:

"ਢਾਈ ਤੜੈ ਵਰ੍ਹੇ ਪਹਿਲਾਂ ਦੀ ਗਲ ਏ। ਰੱਬ ਖ਼ੋਰੇ ਇਸ ਵਸੇਬ ਦੇ ਬੰਦਿਆਂ ਦੀ ਸੁਣ ਲਈ। ਹਿਕ ਬੁਢੜੀ ਮਾਈ ਜਿਹੰਦਾ ਘਰ ਆਲਾ ਕੁਝ ਵਰ੍ਹੇ ਪਹਿਲਾਂ ਵਡੇ ਤਾਪ ਨਾਲ ਮਰ ਗਿਆ ਹਾ, ਆਪਣੇ ਪੰਦਰਾਂ ਕੂ ਸਾਲਾਂ ਦੇ ਪੁੱਤਰ ਨਾਲ ਉਹੰਦੇ ਕੋਲ ਦਾਣੇ ਮੁਲ ਲੈਣ ਗਈ। ਉਸ ਮਾਈ ਨੂੰ ਵੀ ਮੁਲ ਛੇ ਮਾਹੀਆਂ ਵਿਚ ਦੱਸਿਆ। ਮਾਈ ਬੜੇ ਤਰਲੇ ਲੈ, ਮਿਨਤਾਂ ਕੀਤੀਆਂ। ਆਪਣੇ ਨਖ਼ਸਮੀ ਹੋਵਣ ਦਾ ਵਾਸਤਾ ਵੀ ਦਿੱਤਾ ਤੇ ਅਖ਼ੀਰ ਤੇ ਇਹ ਆਖਣ ਲਗੀ:

"ਕੱਚਾ ਤੇ ਰੁਖ ਕੋਈ ਨਹੀਂ ਵੇਚਦਾ, ਮੈਂ ਆਪਣੇ ਪੁੱਤਰ ਦੀ ਕੱਚੀ ਉੱਮਰ ਕਿਵੇਂ ਵੇਚ ਦੇਵਾਂ।"

ਉਹ ਹਰਾਮ ਖ਼ੋਰ ਹਿਕੋ ਜ਼ਿਦ ਤੇ ਅੜਿਆ ਰਿਹਾ ਤੇ ਆਖਣ ਲਗਾ:

"ਦਾਣਿਆਂ ਦੇ ਸਾਵੇਂ ਸਿਰਫ਼ ਉੱਮਰ ਲੈਸਾਂ, ਨਹੀਂ ਤੇ ਕੋਈ ਹੋਰ ਬੂਹਾ ਢੂਢ ਲੈ।"

ਮਾਈ ਉਹੰਦਾ ਮੁੱਲ ਮਨ ਲਿਆ। ਹਿਕ ਠੱਡਾ ਸਾਹ ਭਰ ਕੇ ਹੋਲੀ ਜਹੀ ਆਖਣ ਲਗੀ:

"ਖ਼ੋਰੇ ਪਾਂਦ ਵੇਚਿਆਂ ਮੁਢ ਬਚ ਈ ਜਾਵੇ।"

ਬਾਬਾ ਥੋੜੇ ਚਿਰ ਮਗਰੋਂ ਮੁੜ ਬੋਲਿਆ:

ਉਹੰਦੀ ਅੰਦਰ ਆਲੀ ਅਗ ਦਾ ਬਾਲਣ ਤੇ ਕਈ ਕੱਚੀਆਂ ਪੱਕੀਆਂ ਉੱਮਰਾਂ ਬਣੀਆਂ ਹਾਇਨ ਪਰ ਇਸ ਬਾਲ ਦਓ ਉੱਮਰ ਤਾਂ ਸਾਵੀ ਲਗਰ ਹਾਈ ਜਿਹੜੀ ਉਹੰਦੇ ਅੰਦਰ ਦੀ ਅਗ ਨਾਲ ਨਾਂ ਬਲੀ ਤੇ ਇੰਜ ਦੀ ਧੁਖ਼ੀ ਜੂ ਓ ਉੱਮਰ ਖ਼ੋਰ ਦਾ ਅੰਦਰ ਧਵਾਂਖਿਆ ਗਿਆ। ਥੋੜੇ ਦੀਂਹ ਗੁਜ਼ਰੇ ਉਹ ਉੱਮਰ ਖ਼ੋਰ ਬੀਮਾਰ ਰਹਿਣ ਲਗ ਪਿਆ। ਬੜੇ ਹਕੀਮਾਂ ਕੋਲ ਗਿਆ ਪਰ ਕਾਈ ਵਾਹ ਨਾਂ ਚਲੀ। ਜਦੋਂ ਉਹ ਹਕੀਮਾਂ ਹਾਜ਼ਕਾਂ ਤੋਂ ਹਿਡਕ ਲਾਹ ਬੈਠਾ ਤਾਂ ਮੁੜ ਤਵੀਤ ਧਾਗੇ ਦਾ ਚਾਰਾ ਕਰਣ ਲਗਾ। ਹਿਕ ਫ਼ਕੀਰ ਉਹਨੂੰ ਵੇਖ ਕੇ ਆਖਿਆ:

"ਜਿਹੜੀ ਖ਼ੁਰਾਕ ਤੇਰੀ ਏ ਇਸ ਨਾਲ ਲਗਣ ਆਲੀ ਬੀਮਾਰੀ ਦਾ ਜੇ ਵੇਲੇ ਸਿਰ ਇਲਾਜ ਨਾਂ ਹੋਵੇ ਤਾਂ ਪਿੱਛੇ ਕੁਝ ਨਹੀਂ ਬਣਦਾ। ਤੂੰ ਉਹ ਵੇਲਾ ਗੁਜ਼ਾਰ ਬੈਠਾ ਏਂ।"

ਮੁੜ ਉਸ ਆਪਣਾ ਇਲਾਜ ਕਰਵਾਣ ਲਈ ਸ਼ਹਿਰ ਦੇ ਕਿਸੇ ਵੱਡੇ ਡਾਕਟਰ ਨਾਲ ਗਲ ਕੀਤੀ। ਡਾਕਟਰ ਟੂਟੀਆਂ ਲਾ ਕੇ ਉਹਨੂੰ ਵੇਖਿਆ ਤੇ ਆਖਣ ਲਗਾ:

"ਇਸ ਬੀਮਾਰੀ ਤੇ ਤੇਰੇ ਵਜੂਦ ਦੀ ਸਾਰੀ ਰੱਤ ਸਾੜ ਛੱਡੀ ਏ। ਬੇੜੀ ਕੱਧੀ ਲਗਦੀ ਨਹੀਂ ਦਿਸਦੀ। ਮੁੜ ਵੀ ਤਰਲਾ ਮਾਰ ਵੇਖਦੇ ਹਾਈਂ। ਖ਼ੌਰੇ ਰੱਤ ਬਦਲਾਇਆਂ ਗਲ ਬਣ ਜਾਵੇ।"

ਬਾਬੇ ਆਪਣੀ ਸੋਟੀ ਤਰਏ ਚਾਰ ਵਾਰੀ ਭੋਈਂ ਤੇ ਮਾਰੀ ਤੇ ਆਖਣ ਲਗਾ:

"ਮੁੜ ਉਹ ਉੱਮਰ ਖ਼ੋਰ ਇਸ ਬੀਮਾਰੀ ਵਿਚ ਸੜ ਕੇ ਮਰ ਗਿਆ। ਇਸ ਲਈ ਜੁ ਵਸੇਬ ਦੇ ਕਿਸੇ ਬੰਦੇ ਦੀ ਰੱਤ ਉਹੰਦੇ ਵਜੂਦ ਦੀ ਚਿੱਟੀ ਰੱਤ ਨਾਲ ਨਾਂ ਰਲੀ।"

# ਕੱਧੀ ਵਘਸ



ਮੰਨਤ ਤੇ ਤਾਰੇ ਦੀ ਲੋ ਹਿਕ ਜਿਹੇ ਹੁੰਦੇ ਨੇਂ।

ਤਲ ਦੀਆਂ ਕਈ ਦੂਈਆਂ ਸ਼ਈਂ ਵਾਂਗੂ ਜੱਫਾ ਮਾਰਾਂ ਦੇ ਟੋਲੇ ਚਾਨਣ ਵੰਡਣ ਆਲੇ ਡੀਵੇ ਨੂੰ ਵੀ ਜੱਫਾ ਮਾਰ ਲਿਆ। ਜੱਫਾ ਮਾਰਾਂ ਦੀ ਮਰਜ਼ੀ ਤਾਂ ਕੁਝ ਹੋਰ ਹਾਈ ਪਰ ਉਹ ਤਾਂ ਭਲਾ ਹੋਵੇ ਲਾਈ ਦਾ ਜਿਸ ਕੱਧੀ ਵਾਸਾਂ ਦੇ ਹੱਕ ਵਿਚ ਫ਼ੈਸਲਾ ਦਿੱਤਾ। ਲਾਈ ਕੋਲ ਬੈਠਾ ਉਸ ਟੋਲੇ ਦਾ ਹਿਕ ਰਾਖਵਾਂ ਉਹਨੂੰ ਗੱਲਾਂ ਰਾਹੀਂ ਕੀਲਣ ਦੇ ਜੱਤਨ ਕਰਦਿਆਂ ਆਖਣ ਲਗਾ:

"ਜੁਨਾਬ! ਕੱਧੀ ਵਾਸ ਅਜ਼ਲਾਂ ਤੋਂ ਹਨੇਰਿਆਂ ਦੇ ਵਾਸੀ ਨੇਂ। ਜੇਕਰ ਇਹ ਚਾਨਣ ਵਿਚ ਆਏ ਤਾਂ ਇਨ੍ਹਾਂ ਦੀਆਂ ਅੱਖੀਂ ਗਲਣ ਦਾ ਡਰ ਏ। ਖ਼ਤਰਾ ਤਾਂ ਵੱਡਿਆਂ ਨੂੰ ਵੀ ਹੈ ਪਰ ਇਸ ਚਾਨਣ ਨਾਲ ਸਵਾਣੀਆਂ ਤੇ ਬਾਲਾਂ ਦੇ ਅੰਨ੍ਹੇ ਹੋਵਣ ਦਾ ਤਾਂ ਪੱਕ ਏ।"

ਇਹ ਗੱਲਾਂ ਸੁਣ ਕੱਧੀ ਵਾਸਾਂ ਦੇ ਰੁਖ਼ਾਂ ਤੇ ਵੱਟ ਹੋਰ ਵਧ ਗਏ। ਉਨ੍ਹਾਂ ਵਿਚੋਂ ਹਿਕ ਲਾਈ ਵਲ ਮੂੰਹ ਕਰਕੇ ਬੋਲਿਆ:

"ਜੁਨਾਬ! ਗਲ ਨਾਂ ਹਨੇਰੇ ਵਾਸੀਆਂ ਦੀ ਏ ਤੇ ਨਾਂ ਈ ਸਵਾਣੀਆਂ ਤੇ ਬਾਲਾਂ ਦੇ ਅੰਨ੍ਹੇ ਹੋਵਣ ਦੀ। ਗਲ ਤਾਂ ਇਨਸਾਫ਼ ਦੀ ਏ। ਹਿਕ ਤਲ ਵਿਚ ਰਹਿਣ ਆਲਿਆਂ ਸਾਰਿਆਂ ਦਾ ਉਸ ਤਲ ਦੀ ਧੁਪ ਛਾਂ, ਮੀਂਹ ਹਨੇਰੀ, ਦੀਂਹ ਰਾਤ, ਚਨ ਚਾਨਣੀ ਤੇ ਹਿਕੋ ਜਿਹਾ ਹੱਕ ਏ। ਜੁਨਾਬ! ਇਹ ਕੇਡੀ ਅਨ–ਹੋਣੀ ਏ ਜੂ ਹਿਕ ਤਲ ਦਾ ਪਾਣੀ ਓਥੋਂ ਦੇ ਵਸਨੀਕਾਂ ਵਿਚੋਂ ਕਈਆਂ ਲਈ ਤਾਂ ਅਕਸੀਰ ਦੱਸਿਆ ਜਾਵੇ ਤੇ ਕਈਆਂ ਲਈ ਮੋਹਰਾ।

ਉਹ ਸਾਹ ਲੈ ਮੁੜ ਬੋਲਿਆ:

"ਇਹ ਸਾਡੇ ਬਾਲਾਂ ਦੇ ਸੱਕੇ ਕਿੱਥੋਂ ਆ ਗਏ? ਤਲ ਦੀ ਹਰ ਸ਼ੈ ਇਨ੍ਹਾਂ ਆਪਣੀ ਮੁਠ ਇਚ ਕਰ ਲਈ ਏ। ਅਸੀਂ ਇਨ੍ਹਾਂ ਦੇ ਬੰਨੇ ਤੋਂ ਵੀ ਨਾਹੀਂ ਲਘ ਸੰਗਦੇ। ਇਨ੍ਹਾਂ ਸਾਡੀ ਜੂਹ ਨੂੰ ਸ਼ਿਕਾਰ ਖੇਡ ਖੇਡ, ਆਪਣੇ ਘੋੜਿਆਂ ਦੀਆਂ ਸੁਮਾਂ ਨਾਲ ਮਿਧ ਛੱਡਿਆ ਏ। ਇਹ ਉੱਤੋਂ ਲਿਖਿਆ ਹੋਇਆ ਨਹੀਂ ਆਇਆ ਜੂ ਕੰਡੇ ਦਾ ਉਲਾਰ ਹਮੇਸ਼ ਇਨ੍ਹਾਂ ਵਲ ਈ ਰਹਵੇ। ਹੁਣ ਹਿਕ ਤਲ ਵਿਚ ਰਹਣ ਆਲੇ ਸਾਰਿਆਂ ਨੂੰ ਹਿਕ ਰਾਹ ਤੇ ਟੁਰਨਾ ਪੋਸੀ। ਜੇਕਰ ਇਨ੍ਹਾਂ ਦੀਆਂ ਅੱਖੀਂ ਨਹੀਂ ਗਲੀਆਂ, ਜੇਕਰ ਇਨ੍ਹਾਂ ਦੇ ਬਾਲ ਅੰਨ੍ਹੇ ਨਹੀਂ ਹੋਈ ਤਾਂ ਸਾਡੇ ਵੀ ਨਹੀਂ ਹੁੰਦੇ।"

ਲਾਈ ਥੋੜਾ ਸੋਚਣ ਤੋਂ ਪਿੱਛੋਂ ਫ਼ੈਸਲਾ ਕੱਧੀ ਵਾਸਾਂ ਦੇ ਹੱਕ ਵਿਚ ਦੇ ਛੱਡਿਆ।

ਭਾਵੇਂ ਫ਼ੈਸਲਾ ਕੱਧੀ ਵਾਸਾਂ ਦੇ ਹੱਕ ਵਿਚ ਹੋਇਆ ਮੁੜ ਵੀ ਡੀਵੇ ਦਾ ਰਾਖਾ ਜੱਫਾ ਮਾਰਾਂ ਦਾ ਈ ਰਿਹਾ। ਕੱਧੀ ਵਾਸਾਂ ਨੂੰ ਚਾਨਣ ਵੰਡਣ ਆਲੇ ਡੀਵੇ ਤਾਈਂ ਅੱਪੜਨ ਲਈ ਬੜੀਆਂ ਔਖਿਆਈਆਂ ਜਰਨੀਆਂ ਪੋਂਦੀਆਂ। ਕਈ ਮਿਨਤਾਂ ਕਰਦੇ, ਕਈ ਮਨਤਾਂ ਮੰਨਦੇ। ਚਾਨਣ ਤਾਈਂ ਥੋੜੇ ਅੱਪੜੇ ਤੇ ਘਣੇ ਮਿਨਤਾਂ ਤੇ ਮਨਤਾਂ ਆਲੇ ਰਾਹਵਾਂ ਤੇ ਰੁਲ ਕੇ ਮਰ ਗਏ।

ਉਹੰਦੇ ਮਾਂ ਪਿਉ ਦੀ ਮਿਨੱਤ ਕੰਮ ਆਈ ਯਾਂ ਮੱਨਤ, ਉਹ ਵੀ ਚਾਨਣ ਵੰਡਣ ਆਲੇ ਡੀਵੇ ਤਾਈਂ ਅੱਪੜ ਗਿਆ। ਜਦੋਂ ਕੁਝ ਵਰ੍ਹੇ ਗੁਜ਼ਰੇ ਤੇ ਡੀਵੇ ਦੇ ਰਾਖੇ ਓਥੇ ਆਉਣ ਆਲੇ ਸਾਰਿਆਂ ਕੋਲੋਂ ਡੀਵੇ ਦੀ ਵੱਟ ਉੱਚੀ ਕਰਣ ਲਈ ਆਪਣਾ ਆਪਣਾ ਹਿੱਸਾ ਤਾਰਣ ਦਾ ਆਖਿਆ। ਜਦੋਂ ਉਸ ਹਿੱਸੇ ਤਾਰਣ ਆਲੀ ਗਲ ਘਰ ਕੀਤੀ ਤੇ ਉਹੰਦੀ ਮਾਂ ਅਗੋਂ ਬੋਲੀ:

"ਅਸਾਂ ਤੇ ਤੈਨੂੰ ਮਿਨਤਾਂ ਤੇ ਮਨਤਾਂ ਨਾਲ ਓਥੇ ਅੱਪੜਾਇਆ ਏ, ਇਹ ਹਿੱਸਾ ਤਾਰਣ ਆਲਾ ਪਵਾੜਾ ਕਿੱਥੋਂ ਪੈ ਗਿਆ ਏ। ਜੇਕਰ ਅਸੀਂ ਵੱਟ ਬੱਤੀ ਦਾ ਹਿੱਸਾ ਤਾਰਣ ਜੋਗੇ ਹੁੰਦੇ ਤਾਂ ਸਾਡੇ ਘਰ ਵਿਚ ਕਦੋਂ ਦਾ ਚਾਨਣ ਹੋਇਆ ਹੁੰਦਾ। ਚਲੋ ਮੈਂ ਤੇਰੇ ਪਿਉ ਨਾਲ ਗਲ ਕਰਸਾਂ।"

ਅਗਲੇ ਦਿੰਹ ਝਬਦੇ ਤੇ ਸਖਣੇ ਹਥੀਂ ਘਰ ਆਏ ਨੂੰ ਵੇਖ, ਉਹੰਦੀ ਮਾਂ ਥੋੜਾ ਘਾਬਰ ਗਈ। ਉਸ ਉਹੰਦੇ ਅਗੋਂ ਰੋਟੀ ਆਲੀ ਚੰਗੇਰ ਰਖੀ ਤੇ ਪੁੱਛਣ ਲਗੀ:

"ਖ਼ੈਰ ਤਾਂ ਹੈ?"

ਉਹ ਅਗੋਂ ਬੋਲਿਆ:

"ਅੱਮਾਂ! ਉਹੋ ਹਿੱਸੇ ਆਲਾ ਰੋਲਾ ਏ। ਡੀਵੇ ਦੇ ਰਾਖੇ ਦਾ ਆਖਣ ਏ, ਜਿਹੜਾ ਹਿੱਸਾ ਨਹੀਂ ਤਾਰ ਸੰਗਦਾ ਉਹ ਚਾਨਣ ਲੈਣ ਨਾਂ ਆਵੇ। ਅੱਮਾਂ ਕੁਝ ਕਰ, ਉਹ ਨਾਂ ਹੋਵੇ......"

ਉਹੰਦੀ ਮਾਂ ਅਗੋਂ ਬੋਲੀ:

"ਤੇਰੇ ਪਿਉ ਨਾਲ ਗਲ ਕੀਤੀ ਹਾਈ।"

"ਮੁੜ"

ਉਸ ਬਿਹੀ ਰੋਟੀ ਦਾ ਗਰਾਂਹ ਨਿਗਲਦਿਆਂ ਪੁੱਛਿਆ।

"ਉਹ ਚੁੱਪ ਕਰ ਗਿਆ ਹਾ।"

ਉਹੰਦੀ ਮਾਂ ਬੋਲੀ।

"ਹੋਰ ਉਹ ਕਰ ਈ ਕੀ ਸੰਗਦਾ ਹਾ।" ਉਹ ਹੋਲੀ ਜਿਹਾ ਮੂੰਹ ਵਿਚ ਭੁਣਕਿਆ।

ਰਾਤੀਂ ਉਹੰਦੀ ਮਾਂ ਹਿਕ ਵਾਰੀ ਮੁੜ ਉਹੰਦੇ ਪਿਉ ਨਾਲ ਗਲ ਕੀਤੀ ਤੇ ਨਾਲ ਈ ਆਪਣੇ ਪੁੱਤਰ ਦਾ ਚਾਨਣ ਤੋਂ ਹਮੇਸ਼ ਲਈ ਦੂਰ ਹੋ ਜਾਵਣ ਆਲਾ ਡੀਵੇ ਦੇ ਰਾਖੇ ਦਾ ਸੁਨੇਹਾ ਵੀ ਦਿੱਤਾ। ਉਹ ਅਗੋਂ ਬੋਲਿਆ:

"ਆਹਮ ਲਾਹਮ ਦੇ ਦੂਏ ਵਸੇਬਾਂ ਵਿਚ ਤਾਂ ਇਹੋ ਜਿਹਾ ਹਿੱਸਾ ਨਹੀਂ ਤਾਰਣਾ ਪੋਂਦਾ। ਮੈਨੂੰ ਤਾਂ ਇਹ ਵੀ ਕੋਈ ਜੱਫੇ ਮਾਰਾਂ ਦੀ ਚਾਲ ਲਗਦੀ ਏ। ਉਨ੍ਹਾਂ ਨੂੰ ਝੇੜਾ ਹਰਣ ਆਲਾ ਵਟ ਵੀ ਹੈ।"

ਇਹ ਆਖ ਉਹ ਚੁੱਪ ਕਰ ਗਿਆ ਤੇ ਥੋੜੇ ਚਿਰ ਮਗਰੋਂ ਆਖਣ ਲਗਾ:

"ਹਿਕ ਦੋ ਬਾਹਰੋਂ ਹਿੜਕ ਲਗੀ ਏ।"

ਉਨ੍ਹਾਂ ਦਾ ਪੁੱਤਰ ਉਨ੍ਹਾਂ ਤੋਂ ਦੁਰੇਡੀ ਪਈ ਮੰਜੀ ਤੇ ਪਿਆ ਇਨ੍ਹਾਂ ਦੀਆਂ ਇਹ ਗੱਲਾਂ ਸੁਣ ਮੂੰਹ ਵਿਚ ਬੋਲਿਆ:

"ਪਤਾ ਨਾਈਂ ਅਸਾਂ ਕਦੋਂ ਤਾਈ ਹਿੜਕਾਂ ਤੇ ਆਸਾਂ ਤੇ ਗੁਜ਼ਾਰਨੀ ਏ।"

ਦੂਏ ਦੀਂਹ ਉਹ ਡਰਦਾ ਡਰਦਾ ਗਿਆ। ਜਿਹੜੇ ਅਜੇ ਤਾਈਂ ਹਿੱਸਾ ਨਾਹੂ ਤਾਰ ਸੰਗੇ, ਡੀਵੇ ਦੇ ਰਾਖੇ ਉਨ੍ਹਾਂ ਨੂੰ ਹੱਥ ਆਲੀ ਡਿੰਗੀ ਸੋਟੀ ਨਾਲ ਹਿਕ ਪਾਸੇ ਹੋ ਜਾਵਣ ਦਾ ਇਸ਼ਾਰਾ ਕੀਤਾ। ਡੀਵੇ ਦਾ ਰਾਖਾ ਇਸ ਡਿੰਗੀ ਸੋਟੀ ਨਾਲ ਉਨ੍ਹਾਂ ਨੂੰ ਚਾਨਣ ਆਲੇ ਸਿੱਧੇ ਰਾਹ ਤੇ ਟੁਰਨ ਦਾ ਵੱਲ ਦੱਸਦਾ ਹਾ। ਸਿੱਧੇ ਰਾਹ ਤੇ ਟੁਰਨ ਦਾ ਵੱਲ ਤਾਂ ਪਤਾ ਨਾਹੀਂ ਕਿਸੇ ਨੂੰ ਆਇਆ ਯਾਂ ਨਾਂ ਪਰ ਡੀਵੇ ਦੇ ਰਾਖੇ ਦੀ ਡਿੰਗੀ ਸੋਟੀ ਚਾਨਣ ਲੈਣ ਆਲਿਆਂ ਦੇ ਪਿੰਡਿਆਂ ਤੇ ਲਗ ਲਗ ਸਿਧੀ ਹੁੰਦੀ ਰਹੀ।

ਉਹੰਦੇ ਸੁਜੇ ਹੋਏ ਹਥ ਵੇਖ ਉਹੰਦੀ ਮਾਂ ਆਖਦੀ:

"ਡਿੰਗੀ ਸੋਟੀ ਨਾਲ ਸਿੱਧਾ ਰਾਹ ਦੱਸਣ ਦੀ ਸਮਝ ਮੈਨੂੰ ਤੇ ਨਹੀਂ ਆਉਂਦੀ। ਜਿੱਥੇ ਫਲਾਂ ਉੱਤੇ ਡਿੰਗੀਆਂ ਤੇ ਖੁਘੀਆਂ ਆਲਿਆਂ ਸੋਟੀਆਂ ਵੱਸਦੀਆਂ ਨੇਂ ਓਥੋਂ ਮਹਿਕ ਉਚਾਲਾ ਕਰ ਜਾਂਦੀ ਏ।"

ਉਸ ਦਿੰਹ ਹਿੱਸਾ ਨਾਂ ਤਾਰਣ ਆਲਿਆਂ ਨੂੰ ਜਦੋਂ ਡੀਵੇ ਦੇ ਰਾਖੇ ਖਲੋਵਣ ਦਾ ਇਸ਼ਾਰਾ ਕੀਤਾ ਤੇ ਉਹ ਮਾਰ ਤੇ ਚਾਨਣ ਖੁਸਣ ਦੇ ਡਰ ਤੋਂ ਬੈਠਾ ਰਿਹਾ। ਜਦੋਂ ਡੀਵੇ ਦੇ ਰਾਖੇ ਦੀ ਨਿਗਾਹ ਉਸ ਤੇ ਪਈ ਤੇ ਰਾਖਾ ਕਾਉੜ ਨਾਲ ਬੋਲਿਆ:

"ਤੂੰ ਨਹੀਂ ਸੁਣਿਆ?"

ਉਹ ਡਰਦਾ ਡਰਦਾ ਖਲੋ ਗਿਆ। ਡੀਵੇ ਦਾ ਰਾਖਾ ਉਹੰਦੇ ਨੇੜੇ ਆਇਆ ਤੇ ਉਹੰਦੀ ਵਖੀ ਵਿਚ ਡਿੰਗੀ ਸੋਟੀ ਨਾਲ ਹੁੱਧ ਮਾਰ ਕੇ ਬੋਲਿਆ:

"ਸਤ ਦਿੰਹ ਹੋ ਗਏ ਨੇਂ ਤੈਨੂੰ ਕਾਰੇ ਕਰਦਿਆਂ। ਹਿੱਸਾ ਤਾਰਦਾ ਨਹੀਂ ਏਂ, ਹਰ ਰੋਜ਼ ਕੰਬ ਕੇ ਵਖਾ ਛਡਣਾ ਏਂ।"

ਉਹ ਅਗੋਂ ਹੋਲੀ ਜਿਹਾ ਬੋਲਿਆ:

"ਜੁਨਾਬ ਮੈਂ ਤੇ ਖਲੋਤਾ ਆਂ......"


ਰਾਖਾ ਆਖਣ ਲਗਾ:

"ਕੀ! ਤੇਰਾ ਖ਼ਿਆਲ ਏ ਧਰਤੀ ਪਈ ਕੰਬਦੀ ਏ।"

ਇਹ ਗਲ ਸੁਣ ਉਹੰਦੇ ਨਾਲ ਦੇ ਹੱਸਣ ਲਗ ਪਏ ਪਰ ਉਹ ਡੋਈਂ ਵਲ ਤਕਣ ਲਗ ਪਿਆ।

ਦੂਏ ਦਿੰਹ ਕੱਧੀ ਵਾਸਾਂ ਕੰਬਦੀ ਧਰਤੀ ਨੂੰ ਠਲਣ ਲਈ ਹਿਕ ਹੋਰ ਝੇੜੇ ਨੂੰ ਗਲ ਲਾ ਲਿਆ।

# ਤਾਰੂ ਤੇ ਗਾਥ



ਆਪਣੀ ਤੇ ਨਾਲ ਦੀਆਂ ਵੱਸਤੀਆਂ ਵਿਚੋਂ ਮੁਕਾਣ ਤੇ ਆਈਆਂ ਸਵਾਣੀਆਂ ਜਦੋਂ ਮੂੰਹ ਤੋਂ ਲੜ ਲਾਹ ਹਟੀਆਂ ਤੇ ਉਨ੍ਹਾਂ ਵਿਚੋਂ ਦੋ ਮਰਣ ਆਲੇ ਦੀ ਸਵਾਣੀ ਵਲ ਪਰਤੀਆਂ ਜਿਹੜੀ ਅਜੇ ਤਾਈਂ ਉੱਚਿਆਂ ਵੈਣਾਂ ਨਾਲ ਰੋਂਦੀ ਪਈ ਹਾਈ। ਉਹ ਉਹੰਦੇ ਨੇੜੇ ਹੋਈਆਂ। ਉਹੰਦੇ ਮੋਢੇ ਤੇ ਹਥ ਰਖ, ਉਸ ਦੇ ਦੁਖ ਨੂੰ ਸਬਰ ਤੇ ਹੌਸਲੇ ਦਾ ਮੋਢਾ ਦੇਂਦਿਆਂ ਉਹਨੂੰ ਆਖਣ ਲਗੀਆਂ:

"ਭੈਣਾਂ ਸਬਰ ਕਰ! ਉਹੰਦੇ ਇਤਨੇ ਸਾਹ ਈ ਲਿਖੇ ਹਾਇਨ। ਉਹੰਦੀ ਹਿਆਤੀ ਮੁੱਕ ਗਈ। ਉਹ ਆਪਣੀ ਆਈ ਨਾਲ ਮਰ ਗਿਆ। ਉਂਜ ਹਾ ਤਾਂ ਚੰਗਾ ਭਲਾ।"

ਇਹ ਗਲ ਸੁਣ, ਮਰਨ ਆਲੇ ਦੀ ਸਵਾਣੀ ਮੂੰਹ ਤੋਂ ਲੜ ਲਾਹ ਛੱਡਿਆ। ਸੁੱਜੀਆਂ ਹੋਈਆਂ ਸੂਹੀਆਂ ਅਖਾਂ ਆਪਣੀ ਕਾਲੀ ਚਾਦਰ ਦੇ ਪੱਲੂ ਨਾਲ ਪੁੰਝਦਿਆਂ ਹੋਈਆਂ ਡਸਕੋਰਿਆਂ ਵਿਚ ਬੋਲੀ:

"ਮਰਨ ਤੋਂ ਪਹਿਲਾਂ ਉਹ ਦਿਸਣ ਵਿਚ ਹਕੀ ਚੰਗਾ ਭਲਾ ਹਾ ਪਰ ਅੰਦਰੋਂ ਨਰੋਇਆ ਨਾਹਓ। ਉਸ ਕਧ ਵਾਂਗੂੰ ਜਿਹੜੀ ਦਾ ਸਿਰ ਤੇ ਨਵੇਂ ਗਾਰੇ ਨਾਲ ਲਿੰਬਿਆ ਹੁੰਦਾ ਏ ਪਰ ਉਹੰਦੇ ਮੁਢ ਦੀ ਮਿੱਟੀ ਕਲਰ ਖਾ ਲਈ ਹੁੰਦੀ ਏ। ਮੈਨੂੰ ਪਕ ਏ ਉਹ ਆਪਣੀ ਆਈ ਨਾਲ ਨਹੀਂ ਬੁਡ ਕੇ ਮੋਇਆ ਏ।"

ਉਹ ਥੋੜਾ ਚਿਰ ਚੁੱਪ ਕਰ ਗਈ। ਇਕ ਲੰਮਾ ਜਿਹਾ ਠੱਡਾ ਸਾਹ ਭਰ ਕੇ ਆਖਣ ਲਗੀ:

"ਮਰਣ ਆਲੇ ਜਦੋਂ ਵੇਲੇ ਦੀ ਨੈਂ ਵਿਚ ਪੈਰ ਰੱਖਿਆ ਤਾਂ ਉਸ ਵੇਖਿਆ ਜੂ ਉਸ ਵਰਗੇ ਕਈ ਬੰਦੇ ਇਸ ਨੈਂ ਦੇ ਖਾਰੇ ਮਿੱਠੇ ਪਾਣੀ ਵਿਚ ਗੋਤੇ ਖਾਂਦੇ ਇਹੰਦੀ ਦੂਈ ਕਧੀ ਤੇ ਅਪੜਣ ਦੇ ਜੱਤਣ ਵਿਚ ਲਗੇ ਹੋਏ ਨੇਂ। ਲੋਕੀ ਗੋਤੇ ਖਾਂਦੇ, ਕਾਹਲੇ ਮੱਠੇ ਟੁਰਦੇ ਰਹਿੰਦੇ। ਇਸ ਲਈ ਜੂ ਜਿਹੜਾ ਵੀ ਖਲੋ ਜਾਂਦਾ, ਪਾਣੀ ਉਹਨੂੰ ਖਾ ਜਾਂਦਾ। ਹਰ ਨੈਂ ਦੇ ਪਾਣੀ ਦੀ ਇਹੋ ਰੀਤ ਏ।

ਸ਼ੁਰੂ ਸ਼ੁਰੂ ਵਿਚ ਉਸ ਬੁਡਣ ਦੇ ਡਰ ਤੋਂ ਨਾਲ ਦਿਆਂ ਦਾ ਆਸਰਾ ਲੱਭਣ ਦਾ ਤਰਲਾ ਮਾਰਿਆ ਪਰ ਉਹੰਦੇ ਸੱਦ ਤੇ ਕਿਸੇ ਹਥ ਖਲਾ ਨਾਂ ਕੀਤਾ। ਪਹਿਲਾਂ ਪਹਿਲਾਂ ਤੇ ਉਹਨੇ ਇਸ ਗਲ ਤੇ ਦਿਲ ਸੋੜਾ ਕੀਤਾ, ਮੁੜ ਸੋਚਿਆ, ਬੰਦੇ ਵੀ ਸੱਚੇ ਨੇਂ। ਉਹ ਨਿਮਾਣੇ ਤੇ ਆਪਣੇ ਭਾਰ ਨਾਲ ਪਹਿਲਾਂ ਈ ਹਫ਼ੇ ਹੋਏ ਨੇਂ। ਨਾਲੇ ਇਹੋ ਜਹੀ ਗੁਜ਼ਰਾਨ ਵਿਚ, ਜਿਥੇ ਤਨ ਦੀਆਂ ਲੀਰਾਂ ਦਾ ਵੀ ਭਾਰ ਹੋਵੇ, ਕੌਣ ਦੂਏ ਦੇ ਭਾਰ ਨੂੰ ਮੋਢਾ ਦੇਵੇ।

ਕਦਾਈਂ ਤੇ ਇਹ ਹਾਲ ਹਾ ਪਰ ਇਸੇ ਨੈਂ ਵਿਚ ਕਈ ਬੰਦੇ ਅਜਿਹੇ ਵੀ ਹਾਇਨ ਜਿਹੜੇ ਇਹੰਦੇ ਵਿਚੋਂ ਸਣੇ ਲਦੀਆਂ ਸੁਕੀ ਲਤ ਪਾਰ ਲਘ ਜਾਂਦੇ ਹਾਇਨ। ਉਹਨੂੰ ਇਸ ਤਮਾਸ਼ੇ ਦੀ ਸਮਝ ਨਾਂ ਆਈ। ਬਹਿਸ਼ਤੀ ਨੂੰ ਜਿਹੜੀ ਗਲ ਦੀ ਸਮਝ ਨਾਹੂ ਆਉਂਦੀ ਉਹ ਉਹਨੂੰ ਤਮਾਸ਼ਾ ਆਖਦਾ ਹਾ। ਉਹਨੇ ਨਾਲ ਦਿਆਂ ਕੋਲੋਂ ਵੀ ਇਸ ਤਮਾਸ਼ੇ ਪਾਰੋਂ ਪੁੱਛਿਆ ਪਰ ਕਿਸੇ ਕੋਈ ਅਕਲ ਨੂੰ ਲਗਣ ਆਲੀ ਗਲ ਨਾਂ ਕੀਤੀ। ਅਖ਼ੀਰ ਉਹ ਹਿਕ ਦਿੰਹ ਆਪਣੀ ਮਾਂ ਨੂੰ ਆਖਣ ਲਗਾ:

ਨੂੰਅਮਾਂ! ਸਾਨੂੰ ਤੇ ਇਸ ਨੈਂ ਦਾ ਪਾਣੀ ਚੰਗੀ ਤਰ੍ਹਾਂ ਸਾਹ ਵੀ ਨਹੀਂ ਲੈਣ ਦੇਂਦਾ। ਇਹ ਬੰਦੇ ਸਣੇ ਲਦੀਆਂ ਸੁੱਕੀ ਲਤ ਕਿਵੇਂ ਪਾਰ ਲਘ ਜਾਂਦੇ ਨੇਂ?ਨੂੰ

ਉਹੰਦੀ ਮਾਂ ਅਗੋਂ ਜਵਾਬ ਦਿੱਤਾ:

'ਬੱਚਾ! ਇਨ੍ਹਾਂ ਦੀ ਲਤ ਕਿਵੇਂ ਭਿਜੇ। ਇਹ ਤੇ ਆਪਣੀ ਲਤ ਕਿਸੇ ਦੂਏ ਦੇ ਮੋਢੇ ਤੇ ਰਖ ਕੇ ਪਾਰ ਲਘ ਜਾਂਦੇ ਨੇਂ। ਜਦੋਂ ਤੁਹਾਡੇ ਜਿਹਾਂ ਨੂੰ ਇਸ ਨੈਂ ਵਿਚ ਗੋਤੇ ਆਉਂਦੇ ਨੇਂ ਅਸਲ ਵਿਚ ਓਦੋਂ ਇਨ੍ਹਾਂ ਬੰਦਿਆਂ ਦਾ ਭਾਰ ਈ ਤੁਹਾਡੇ ਮੋਢਿਆਂ ਤੇ ਹੁੰਦਾ ਏ। ਬੱਚਾ! ਇਸ ਨੈਂ ਦਾ ਪਾਣੀ ਬੜਾ ਵਖਰਾ ਏ, ਨਾਂ ਬੁਡਣ ਦੇਂਦਾ ਏ ਨਾ ਤਰਨ। ਜੇ ਕੋਈ ਬੁਡਣ ਦਾ ਚਾਰਾ ਕਰਦਾ ਏ ਤਾਂ ਉਹਨੂੰ ਸੁਕੀ ਬਰੇਤੀ ਤੇ ਸੁਟ ਦੇਂਦਾ ਏ। ਜੇ ਕੋਈ ਸੁਕ ਤੇ ਅਪੜਨ ਦਾ ਤਰਲਾ ਮਾਰਦਾ ਏ ਤਾਂ ਉਹਨੂੰ ਘੁੰਮਣ ਘੇਰੀਆਂ ਵਿਚੋਂ ਬਾਹਰ ਨਹੀਂ ਜਾਵਣ ਦੇਂਦਾ। ਇਹ ਨੈਂ ਆਪਣੇ ਹਿਸਾਬ ਨਾਲ ਵਗਦੀ ਏ। ਕਦਾਈਂ ਤਾਂ ਰੱਡਿਆਂ ਤੇ ਟਿੱਬਿਆਂ ਨੂੰ ਰੋੜ ਕਰਦੀ ਏ ਤੇ ਕਦਾਈਂ ਹੱਸਦੇ ਵੱਸਦੇ ਥੀਹਾਂ ਦੇ ਚਿੱਟੇ ਰੜੇ ਤੇ ਉੱਚੇ ਟਿੱਬੇ ਬਣਾ ਛਡਦੀ ਏ। ਇਹੰਦੇ ਪਾਣੀ ਦੀ ਆਪਣੀ ਰਵਾਣ ਏ ਜਿਹੜੀ ਆਪਣੀ ਮਰਜ਼ੀ ਨਾਲ ਟੁਰਦੀ ਏ। ਬੱਚਾ! ਰਵਾਣ ਭਾਵੇਂ ਵੇਲੇ ਦੀ ਹੋਵੇ ਭਾਵੇਂ ਪਾਣੀ ਦੀ, ਇਹੰਦੇ ਅਗੇ ਕੋਈ ਬੰਨ ਨਹੀਂ ਬਨ੍ਹ ਸੰਗਦਾ।ਨੂੰ

ਮਰਣ ਆਲੇ ਦੀ ਸਵਾਣੀ ਹਿਕ ਵਾਰੀ ਚੁੱਪ ਕਰ ਗਈ ਤੇ ਮੁੜ ਬੋਲੀ:

"ਉਹੰਦੀ ਹਿਆਤੀ ਦੇ ਇਨ੍ਹਾਂ ਵੇਲਿਆਂ ਵਿਚ ਉਹੰਦਾ ਵਿਆਹ ਹੋ ਗਿਆ ਤੇ ਮੈਂ ਇੱਥੇ ਆ ਗਈ।"

ਮਾਂ ਦੀਆਂ ਮੱਤਾਂ ਤੇ ਇਸ ਨੈਂ ਦੇ ਪਾਣੀ ਦੀਆਂ ਘੁੰਮਣ ਘੇਰੀਆਂ ਉਹਨੂੰ ਪੱਕਾ ਤਾਰੂ ਬਣਾ ਦਿੱਤਾ ਪਰ ਉਹ ਮੇਰੀ ਦਿਲ ਰਖਣੀ ਲਈ ਮੈਨੂੰ ਆਖੇ:

ਨੂੰਤੇਰੇ ਆਉਣ ਨਾਲ ਮੇਰਾ ਜਿਵੇਂ ਹੌਸਲਾ ਵਧ ਗਿਆ ਏ। ਹੁਣ ਮੈਨੂੰ ਛੇਤੀ ਸਾਹ ਨਹੀਂ ਚੜ੍ਹਦਾ।ਨੂੰ

ਇਹ ਉਹਦੀ ਚੰਗਿਆਈ ਹਾਈ ਜਿਹੜਾ ਇਹੋ ਜਹੀ ਗਲ ਕਰਦਾ ਹਾ। ਕਦੇ ਕਦੇ ਉਹਨੂੰ ਔਖਿਆਈ ਵਿਚ ਵੇਖ ਕੇ ਮੈਂ ਆਖਦੀ:

"ਭੈੜਿਆ! ਕਿਸੇ ਬੇੜੀ ਦਾ ਤਰਲਾ ਮਾਰ, ਯਾਂ ਅਸੀਂ ਕਿਸੇ ਉਸ ਪਾਸੇ ਟੁਰ ਚਲੀਏ ਜਿੱਥੇ ਪਾਣੀ ਨਿੱਕਾ ਨਿੱਕਾ ਹੋਵੇ।"

ਉਹ ਮੈਨੂੰ ਆਖੇ:

ਨੂੰਕਰਮਾਂ ਆਲੀਏ! ਬੇੜੀਆਂ ਆਲੇ ਭਾੜਾ ਮੰਗਦੇ ਨੇਂ ਜਿਹੜਾ ਆਪਣੇ ਕੋਲ ਨਹੀਂ। ਨਾਲੇ ਬੇੜੀਆਂ ਦੀ ਲੋੜ ਚੋਖੀਆਂ ਭਾਰਾਂ ਆਲਿਆਂ ਨੂੰ ਹੁੰਦੀ ਏ। ਆਪਣੇ ਜਿਹਾਂ ਨੂੰ ਕਾਨਿਆਂ ਦਾ ਤੁੱਲਾ ਈ ਬੜਾ ਏ, ਜਿਹੜਾ ਆਪਣੇ ਕੋਲ ਹੈ। ਤਵੱਕਲ ਦੇ ਕਾਨਿਆਂ ਦਾ ਤੁੱਲਾ, ਜਿਹਨੂੰ ਮੈਂ ਸੱਚ ਦੀਆਂ ਵਰ੍ਹੀਆਂ ਨਾਲ ਬੜੀ ਮਹਿਨਤ ਕਰਕੇ ਬੰਨ੍ਹਿਆ ਏ। ਰਹੀ ਗਲ ਇੱਥੋਂ ਜਾਵਣ ਆਲੀ, ਤੈਨੂੰ ਤਾਂ ਪਤਾ ਏ ਮੈਂ ਤੇ ਇਸ ਡੋਈਂ ਦੇ ਨਾਂ ਲਗਾ ਹੋਇਆ ਹਾਂ। ਜਦੋਂ ਮੈਂ ਹੋਸ਼ ਸੰਮ੍ਹਾਲੀ ਹਾਈ ਓਦੋਂ ਬੰਦੇ ਡੋਈਂ ਦੇ ਨਾਂ

ਲਗਦੇ ਹਾਇਨ, ਬੰਦਿਆਂ ਦੇ ਨਾਂ ਭੋਈਂ ਲਗਣ ਦਾ ਰਵਾਜ ਤੇ ਕਨੂਨ ਬਾਦ ਵਿਚ ਬਣਿਆ। ਇਹ ਕਨੂਨ ਬਨਾਣ ਆਲੇ ਦੱਸਦੇ ਨੇਂ ਜੂ ਇੱਥੇ ਜਿਹੜਾ ਹਿਕ ਵਾਰੀ ਭੋਈਂ ਦੇ ਨਾਂ ਲਗ ਜਾਵੇ ਮੁੜ ਉਹੰਦੇ ਨਾਂ ਭੋਈਂ ਨਹੀਂ ਲਗ ਸੰਗਦੀ। ਕਈ ਬੰਦੇ ਆਪਣੀ ਪਹਿਲੀ ਗਲ ਤੋਂ ਫਿਰ ਕੇ ਐਵੇਂ ਈਮਾਨ ਖੜਾਂਦੇ ਨੇਂ ਤੇ ਹੱਥੀਂ ਵੀ ਕੁਝ ਨਹੀਂ ਆਉਂਦਾ। ਛਡ, ਇਨ੍ਹਾਂ ਗਲਾਂ ਵਿਚ ਕੀ ਪਿਆ ਏ। ਅਸਾਂ ਕਿਹੜਾ ਇੱਥੇ ਹਮੇਸ਼ ਰਹਿਣਾ ਏਂ। ਤੂੰ ਦੁਆ ਕਰ ਜਿਹੰਦੇ ਨਾਂ ਲਗੇ ਹਾਈਂ ਉਹ ਰਾਜ਼ੀ ਰਹਵੇ ਤੇ ਅਖ਼ੀਰ ਤੇ ਸਾਨੂੰ ਕਬੂਲ ਲਵੇ।ਨੂੰ

ਮੈਂ ਇਹੋ ਜਹੀਆਂ ਗਲਾਂ ਸੁਣ ਕੇ ਚੁੱਪ ਕਰ ਜਾਂਦੀ।

ਉਨ੍ਹਾ ਦਿੰਹਾਂ ਵਿਚ ਰੱਬ ਸਾਡੇ ਘਰ ਰਹਿਮਤ ਕੀਤੀ ਤੇ ਸਾਨੂੰ ਇਕ ਧੀ ਦੇ ਛਡੀ। ਧੀ ਦੇ ਜੰਮਣ ਤੇ ਮੈਂ ਤੇ ਉਹੰਦੀ ਮਾਂ ਤਾਂ ਥੋੜਾ ਦਿਲ ਭੈੜਾ ਕੀਤਾ ਪਰ ਉਹ ਬਹੂੰ ਖ਼ੁਸ਼ ਹੋਇਆ। ਆਖਣ ਲਗਾ:

ਨੂੰਹੁਣ ਉਂਜ ਨਾਹੀਂ ਤੇ ਇਹੰਦੇ ਲਈ ਮੈਂ ਦੂਈ ਕੱਧੀ ਜ਼ਰੂਰ ਲਗ ਜਾਸਾਂ।ਨੂੰ

ਕੱਧੀ ਵੱਲ ਟੁਰਦਿਆਂ ਟੁਰਦਿਆਂ ਕਈ ਵਰ੍ਹੇ ਲਘ ਗਏ ਤੇ ਜਿਸ ਦਿੰਹ ਸਾਡੀ ਧੀ ਦੀ ਡੋਲੀ ਚੜ੍ਹੀ, ਉਸ ਮੈਨੂੰ ਆਖਿਆ:

“ਬਖ਼ਤਾਂ ਆਲੀਏ, ਮੈਂ ਇਸ ਨੈਂ ਦਾ ਤਾਰੂ ਹਿੱਸਾ ਟੱਪ ਗਿਆ ਆਂ। ਅਗੋਂ ਤਾਂ ਹੁਣ ਹਾਥ ਪਾਣੀ ਏ, ਕਦਾਈਂ ਗੋਡਿਆਂ ਤਾਈਂ ਕਦਾਈਂ ਗਿੱਟਿਆਂ ਤਾਈਂ।ਨੂੰ

ਉਹੰਦੀ ਖ਼ੁਸ਼ੀ ਖ਼ੋਰੇ ਨੈਂ ਨੂੰ ਚੰਗੀ ਨਾਂ ਲਗੀ। ਉਹ ਛਲਾਂ ਤੇ ਆ ਗਈ। ਸਾਡੀ ਧੀ ਨਾਲ ਉਹੰਦੇ ਸੋਹਰਿਆਂ ਦਾ ਸੁਭਾ ਨਾ ਬਣਿਆ ਤੇ ਉਹ ਵਿਆਹ ਤੋਂ ਚਾਰ ਪੰਜ ਮਹੀਨਿਆਂ ਮਗਰੋਂ ਸਾਡੇ ਬੂਹੇ ਤੇ ਮੁੜ ਆ ਬੈਠੀ। ਉਹ ਜਦੋਂ ਉਹਨੂੰ ਰੋਂਦੀ ਨੂੰ ਵੇਖਦਾ ਤੇ ਆਖਦਾ:


ਨੂੰਬਖ਼ਤਾਂ ਆਲੀਏ! ਪਤਾ ਨਹੀਂ ਲਗਦਾ ਕੀ ਹੋਇਆ ਏ? ਖ਼ੋਰੇ ਜੁੱਸੇ ਵਿਚ ਪਹਿਲੇ ਆਲੀ ਜਾਨ ਨਹੀਂ ਰਹੀ। ਜਦੋਂ ਦਾ ਇਹੰਦੇ ਹੰਜੂਆਂ ਦਾ ਪਾਣੀ ਨੈਂ ਦੇ ਪਾਣੀ ਵਿਚ ਰੱਲਿਆ ਏ, ਮੇਰਾ ਸਾਹ ਉਖੜਨ ਲਗ ਪਿਆ ਏ।ਨੂੰ

ਮੈਂ ਇਹੋ ਜਹੀਆਂ ਗਲਾਂ ਸੁਣ, ਉਹੰਦੇ ਅਗੋਂ ਤਾਂ ਚੁੱਪ ਕਰ ਜਾਂਦੀ ਪਰ ਉਹਲੇ ਬਹਿ ਕੇ ਰੋ ਲੈਂਦੀ।

ਮਰਨ ਆਲੇ ਦੀ ਸਵਾਣੀ ਹਿਕ ਵਾਰੀ ਮੁੜ ਚੁੱਪ ਕਰ ਗਈ ਤੇ ਥੋੜੇ ਚਿਰ ਮਗਰੋਂ ਬੁਡਦੇ ਬੁਲਾਰੇ ਨਾਲ ਬੋਲੀ:

“ਮੁੜ ਉਹ ਵੇਲੇ ਦੀ ਨੈਂ ਦੇ ਤਾਰੂ ਪਾਣੀਆਂ ਦਾ ਤਾਰੂ ਥੋੜੇ ਦਿੰਹ ਈ ਤੱਗਿਆ ਤੇ ਹੰਜੂਆਂ ਦੇ ਹਾਥ ਪਾਣੀ ਵਿਚ ਬੁਡ ਗਿਆ।”

# ਮਾੜੀ ਮੋਟੇ



ਹਕੀਮਾਂ ਆਲਾ ਤੇ ਐਵੇਂ ਆਸਰਾ ਹੁੰਦਾ ਏ, ਅਸਲ ਗਲ ਤੇ ਇਰਾਦੇ ਦੀ ਏ।

ਉਹ ਵੱਸਤੀ ਆਲੀਂ ਮਾੜਿਆਂ ਦੇ ਸਾਏ ਹੇਠ ਬਣੇ ਖੋਲਿਆਂ ਦੇ ਵਸਨੀਕ ਹਾਇਨ। ਪਤਾ ਨਹੀਂ ਉਨ੍ਹਾਂ ਦਾ ਵੱਡਕਾ ਕਿਹੜੀ ਔਖਿਆਈ ਦੇ ਮੂੰਹ ਆਇਆ ਜੂ ਉਸ ਗਲ ਵਿਚ ਸਾਫ਼ਾ ਤੇ ਮੂੰਹ ਵਿਚ ਘਾਹ ਘਤ ਇੱਥੇ ਵਾਸ ਕਰਨ ਲਈ ਮਾੜੀ ਆਲਿਆਂ ਦੀ ਹਵੇਲੀ ਜਾ ਸੀਸ ਨਵਾਇਆ। ਖੋਲਿਆਂ ਦੇ ਵਸਨੀਕਾਂ ਵਿਚੋਂ ਜਦ ਕੋਈ ਕੰਡਿਆਂ ਵਿੰਨ੍ਹੇ ਵਾਸ ਨੂੰ ਝਾਗਦਾ ਮਰਦਾ ਤਾਂ ਪਿਛਲਿਆਂ ਨੂੰ ਉਹੰਦੀ ਕਬਰ ਦੀ ਜਾ ਲਈ ਸਾਫ਼ੇ ਤੇ ਘਾਹ ਆਲਾ ਕਰਤਬ ਹਿਕ ਵਾਰੀ ਮੁੜ ਵਖਾਉਣਾ ਪੌਂਦਾ। ਆਪਣੀ ਦਿਲ ਰਖਣੀ ਪਾਰੋਂ ਇੱਥੋਂ ਦੇ ਵਸਨੀਕ ਇਨ੍ਹਾਂ ਖੋਲਿਆਂ ਨੂੰ ਘਰ ਈ ਆਖਦੇ। ਹਰ ਖੋਲੇ ਵਿਚ ਹਿਕ ਛਤੀਰਾ ਕੋਠਾ ਤੇ ਸੌੜਾ ਜਿਹਾ ਵੇਹੜਾ ਹਾ ਪਰ ਵਸਨੀਕ ਖੁਲ੍ਹੇ ਮਥੇ ਦੇ ਹਾਇਨ। ਕਿਸੇ ਵੀ ਵੇਹੜੇ ਨੂੰ ਬੂਹਾ ਕੋਈ ਨਾਹਓ।

ਇਨ੍ਹਾਂ ਖੋਲਿਆਂ ਦੇ ਵਸਨੀਕਾਂ ਨੂੰ ਹਿਆਤੀ ਉਸ ਰੰਗ ਨਾਲ ਗੁਜ਼ਾਰਦੀ ਪਈ ਹਾਈ ਜਿਸ ਵਿਚ ਬੰਦੇ ਵਧੇ ਖਦੇ ਨੂੰ ਢੇਰ ਜਾਣ ਉਹੰਦੇ ਬਰਦੇ ਬਣ ਜਾਂਦੇ ਨੇਂ।

ਪਹਿਲਾਂ ਉਹ ਮਾੜੀ ਆਲਿਆਂ ਦਾ ਕਾਮਾ ਬਣਿਆ ਤੇ ਪਿੱਛੋ ਖੋਲੇ ਦਾ ਸਾਈਂ। ਉਹਨੂੰ ਛਿਮਾਹੀ ਮਗਰੋਂ ਇਤਨਾ ਹਿਕ ਢੀਂਦਾ ਜਿਹੰਦੇ ਨਾਲ ਅਗਲੀ ਛਿਮਾਹੀ ਦਾ ਅਧ ਮੱਸੀਂ ਗੁਜ਼ਰਦਾ ਤੇ ਬਾਕੀ ਦਾ ਅਧ, ਵਿਹਾਜ ਕੇ। ਵੰਡ ਦੀ ਇਸ ਰੀਤ ਨੂੰ ਵੇਖ ਉਹੰਦੀ ਸਵਾਣੀ ਆਪਣੇ ਹਾਂਹ ਦਾ ਸਾੜ ਕਢਣ ਲਈ ਕਦੇ ਕਦੇ ਉਹਨੂੰ ਆਖੇ:

"ਬੈੜਿਆ! ਕਦੀਂ ਸੋਚਿਆ ਈ, ਮੱਤ ਸਮੂਲੀ ਹਈ ਤਾਂ ਹਾੜ ਸਾਵਣ, ਪਾਣੀ ਲਗੀਆਂ ਵਾਹੀਆਂ ਦੇ ਤਾਅ ਤੇ ਪੋਹ ਮਾਂਘ ਦੇ ਕੱਕਰ ਝਾਗਣ ਲਗਾ ਏਂ ਪਰ ਅਜ ਤਾਈਂ ਨਾ ਸਾਡੀ ਵਿਹਾਜ ਤੋਂ ਜਿੰਦ ਛੁੱਟੀ ਤੇ ਨਾ ਅੱਧੀ ਪੂਰੀ ਹੋਈ।"

ਅਗੋਂ ਉਹੰਦਾ ਸਾਈਂ ਆਖੇ:

"ਭੁਖ ਦੀ ਅਗ ਦਾ ਸੇਕ ਵਾਹੀਆਂ ਦੇ ਤਾਅ ਤੋਂ ਵੀ ਭੈੜਾ ਹੁੰਦਾ ਏ। ਆਪਣੇ ਵਰਗਿਆਂ ਦਾ ਸਾਰਾ ਕੁਝ, ਸਣੇ ਸੋਚਾਂ, ਇਸ ਅਗ ਦਾ ਬਾਲਣ ਬਣ ਜਾਂਦਾ ਏ। ਹੁਣ ਤਾਈਂ ਇਸ ਸੇਕ ਤੋਂ ਬਚਣ ਆਲੇ ਜੱਤਨ ਕਾਈ ਹੋਰ ਗਲ ਸੋਚਣ ਈ ਨਾਂ ਦਿੱਤੀ। ਉੱਤੋਂ ਪਿਉ ਦਾਦੇ ਦੀ ਸਾਫ਼ੇ ਤੇ ਘਾਹ ਆਲੀ ਲੱਜ ਕਿਸੇ ਦੂਏ ਪਾਸੇ ਪੈਰ ਨਾ ਪੱਟਣ ਦਿੱਤਾ।"

ਇਹੋ ਜਿਹੇ ਜਵਾਬ ਸੁਣ ਉਹੰਦੀ ਸਵਾਣੀ ਅਖੀਂ ਪੂੰਝਣ ਲਗ ਪੌਂਦੀ।

ਜਦੋਂ ਉਨ੍ਹਾਂ ਦੀ ਝੋਲੀ ਪੁੱਤਰ ਆਲਾ ਖ਼ੈਰ ਪਿਆ ਤੇ ਉਨ੍ਹਾਂ ਨੂੰ ਇਹ ਵਧੀ ਖਦੀ ਆਲਾ ਹੰਡੇਪ ਵਲ ਲਗਣ ਦੇ ਨਾਲ ਨਾਲ ਆਪਣਾ ਨਾਵਾਂ ਟੁਰਨ ਦੀ ਆਸ ਵੀ ਲਗ ਪਈ, ਪਰ ਆਸ ਤੇ ਆਸ ਹੁੰਦੀ ਏ, ਨੈਂ ਦੀ ਖੰਡ ਤੇ ਖਲੋ ਉਸ ਰੁਖ ਵਾਂਗੂੰ ਜਿਸ ਦਾ ਸਾਇਆ ਹਮੇਸ਼ ਪਾਣੀ ਤੇ ਰਹਵੇ।

ਉਸ ਵੇਲੇ ਉਨ੍ਹਾਂ ਦਾ ਪੂਰੀ ਆਲਾ ਮਾਣ ਤੇ ਨਾਵਾਂ ਵਧਣ ਆਲੀ ਆਸ ਪਾਣੀ ਉੱਤੇ ਐਰ ਜਾਪਣ ਲਗ ਪਏ ਜਦੋਂ ਕੁਝ ਵਰ੍ਹਿਆਂ ਮਗਰੋਂ ਉਨ੍ਹਾਂ ਦੇ ਪੁੱਤਰ ਦਾ ਕਦ ਵਧਣੋਂ ਖਲੋ ਰਿਹਾ। ਗਲ ਵਿਚ ਸਾਫ਼ਾ ਤੇ ਮੂੰਹ ਵਿਚ ਘਾਹ ਘੱਤਣ ਪਾਰੂੰ ਜੁੱਸੇ ਦੀਆਂ ਲੀਕਾਂ ਨਾਂ ਵਧਣ ਆਲੀ ਬੀਮਾਰੀ ਤਾਂ ਉਨ੍ਹਾਂ ਨੂੰ ਪਹਿਲਾਂ ਈ ਹਾਈ।

ਉਨ੍ਹਾਂ ਦੇ ਪੁੱਤਰ ਦੇ ਹਾਣੀ ਉਸ ਨੂੰ ਛਡ ਗਏ। ਉਹ ਨਾਂ ਤੇ ਕਿਸੇ ਨਾਲ ਟੁਰ ਸੰਗਦਾ ਹਾ ਨਾਂ ਖੇਡ। ਇਸ ਹਿਕਲਾਪੇ ਤੂੰ ਘਾਬਿਰ ਕੇ ਉਹ ਆਪਣੇ ਮਾਂ ਪਿਉ ਨਾਲ ਜ਼ਿਦ ਕਰੇ ਤੇ ਪੁੱਛੇ:

"ਮੇਰੇ ਹਾਣੀ ਕਿਉਂ ਨਹੀਂ ਬਣਦੇ? ਮੇਰੇ ਨਾਲ ਕੋਈ ਕਿਉਂ ਨਹੀਂ ਖੇਡਦਾ?"

ਪੁੱਤਰ ਦੀਆਂ ਇਹੋ ਜਹੀਆਂ ਜ਼ਿੱਦਾਂ ਵੇਖ ਉਹੰਦੀ ਮਾਂ ਆਪਣੇ ਸਾਈਂ ਨੂੰ ਆਖੇ:

"ਸਾਰੀ ਉੱਮਰ ਪਹਿਲਾਂ ਭੁੱਖ ਵਲਾਈ ਤੇ ਹੁਣ ਪੁੱਤਰ ਵੀ ਜ਼ਿਦ ਵਲਾਣੀ ਪੈ ਗਈ। ਇਹ ਕਿਹੋ ਜਹੀ ਵਸਤੀ ਏ ਜਿੱਥੇ ਹਾਣੀ ਉੱਮਰਾਂ ਦੀ ਥਾਹਰੀਂ ਕਦਾਂ ਨਾਲ ਮਿਥੇ ਜਾਂਦੇ ਨੇਂ।"

ਉਹੰਦਾ ਘਰ ਆਲਾ ਅਗੋਂ ਬੋਲੇ:

"ਕਦ ਤੇ ਮਰਜ਼ੀ ਨਾਲ ਹਾਣ ਮਿੱਥਣ ਆਲਾ ਰਵਾਜ ਸਾਡੇ ਲਈ ਨਹੀਂ। ਨਾਲੇ ਛਡ, ਘਾਹ ਤੇ ਮਰਜ਼ੀ ਆਲੀ ਗਲ ਹਿਕ ਮੂੰਹ ਵਿਚ ਇੱਕਠੇ ਨਹੀਂ ਹੋ ਸੰਗਦੇ।"

ਉਹ ਸੋਚਣ ਜੂ ਉਹ ਤਾਂ ਮਰ ਕੇ ਦੋ ਡੰਗਾਂ ਦੀ ਪੂਰੀ ਪਏ ਕਰਦੇ ਨੇਂ ਪੁੱਤਰ ਦੀਆਂ ਇਹੋ ਜਹੀਆਂ ਅਵੱਲੀਆਂ ਜ਼ਿੱਦਾਂ ਨੂੰ ਉਹ ਕਿਵੇਂ ਪੂਰਾ ਕਰਸਣ? ਕਦੀ ਸੋਚਣ ਜੂ ਅਜੇ ਬਾਲ ਏ, ਵਡਾ ਹੋ ਕੇ ਖ਼ੋਰੇ ਇਹ ਜ਼ਿਦ ਛੱਡ ਈ ਦੇਵੇ...... ਇਹੋ ਜਿਹੇ ਵਚਾਰਾਂ ਰਾਹੀਂ ਉਹ ਆਪਣਾ ਹਾਂਹ ਵਿਲਾਣ ਦੇ ਨਾਲ ਨਾਲ ਆਪਣੇ ਪੁੱਤਰ ਦੀ ਜ਼ਿਦ ਵਿਲਾਣ ਦਾ ਵੀ ਤਰਲਾ ਮਾਰਦੇ ਰਹੇ। ਕਦੇ ਕਿਸੇ ਦਮ ਦੇ ਪੱਜ ਕਦੇ ਕਿਸੇ ਦਾਰੂ ਦੇ ਹੀਲੇ।

ਹਾਣੀਆਂ ਨਾਲ ਟੁਰਨ ਆਲੀ ਜ਼ਿਦ ਪੂਰੀ ਹੋਵਣ ਦੇ ਚਾਅ ਵਿਚ ਉਨ੍ਹਾਂ ਦੇ ਪੁੱਤਰ ਆਪਣੀ ਖੇਡਣ ਆਲੀ ਉੱਮਰ ਉਨ੍ਹਾਂ ਵਾਹੀਆਂ ਨੂੰ ਜਾਂਦੀਆਂ ਰਾਹਾਂ ਤੇ ਰੋਲ ਛਡੀ ਜਿੱਥੇ ਉਹੰਦਾ ਪਿਉ ਕੰਮ ਕਰਦਾ ਹਾ। ਉਸ ਕੱਚੀ ਉੱਮਰੇ ਪੱਕੀਆਂ ਵਾਹੀਆਂ ਦੇ ਤਾਅ ਝਾਗੇ। ਧੁਪ ਦੀਆਂ ਛਮਕਾਂ ਨਾਲ ਉਹੰਦੇ ਮੂੰਹ ਤੇ ਕਈ ਵਾਰੀ ਲਾਸਾਂ ਤੇ ਨੀਲ ਪਏ। ਕਦੇ ਕਦੇ ਇੰਜ ਵੀ ਹੁੰਦਾ, ਧੁਪ ਦੀ ਛਮਕ ਤਾਂ ਉਸ ਨੂੰ ਲਗਦੀ ਪਰ ਨੀਲ ਉਹੰਦੀ ਮਾਂ ਦੀਆਂ ਅਖੀਂ ਵਿਚ ਪੈ ਜਾਂਦੇ। ਇਨ੍ਹਾਂ ਰਾਹਾਂ ਤੇ ਟੁਰਦਿਆਂ ਟੁਰਦਿਆਂ ਉਹ ਜਦੋਂ ਵਿਲਾਣ ਆਲੀ ਉੱਮਰੋਂ ਨਿਕਲਿਆ ਤਾਂ ਉਹੰਦੇ ਮਾਂ ਪਿਉ ਦੀਆਂ ਔਖਿਆਈਆਂ ਵਿਚ ਹੋਰ ਵਾਧਾ ਹੁੰਦਾ ਗਿਆ। ਕਿਸੇ ਚੰਗੇ ਹਕੀਮ ਨੂੰ ਵਖਾਵਣ ਪਾਰੋਂ ਉਹੰਦੇ ਮਾਂ ਪਿਉ ਦੋ ਡੰਗਾਂ ਤੋਂ ਹਿਕ ਡੰਗ ਤੇ ਆ ਗਏ। ਅਜ ਉਹ ਆਪਣੇ ਪੁੱਤਰ ਨੂੰ ਲੈ ਕੇ ਹਿਕ ਸਿਆਣੇ ਤੇ ਨਾਮੀ ਹਕੀਮ ਕਣ ਜਾਂਦੇ ਪਏ ਹਾਇਨ।

ਰਾਹ ਦੀ ਧੂੜ ਤੇ ਜਾਲੀਆਂ ਨਾਲ ਭਰੀ ਕਿੱਕਰੀ ਦੀ ਛਾਂ ਤੇ ਸਾਹ ਲੈ ਕੇ ਜਦੋਂ ਉੱਠੇ ਤਾਂ ਸਵਾਣੀ ਆਪਣੇ ਸਾਈਂ ਨੂੰ ਆਖਣ ਲਗੀ:

"ਇਸ ਬੀਮਾਰੀ ਤਾਂ ਸਾਡੇ ਹਥ ਠੂਠੇ ਦੇ ਛਡੇ ਨੇਂ। ਲਗਦਾ ਏ ਹਿਕ ਡੰਗ ਆਲੀ ਵੀ ਛਡਣੀ ਪੋਸੀ। ਕਦਮ ਪੁੱਟੀ ਚਲੀਏ, ਪਿਛਾਂਹ ਵੀ ਹਟਣਾ ਏਂ। ਪਤਾ ਨਾਹੀਂ ਓਥੇ ਵਾਰੀ ਕਦੋਂ ਆਉਸੀ?"

ਅਗੋਂ ਸਾਈਂ ਬੋਲਿਆ:

"ਸੁਣਿਆ ਏ ਇਹ ਹਕੀਮ ਵਾਰੀ ਸਿਰ ਈ ਦਾਰੂ ਦੇਂਦਾ ਏ। ਇਹ ਗਲ ਵੀ ਆਮ ਏ ਭਈ ਜਿਹੜੀਆਂ ਵੀ ਇਸ ਹਕੀਮ ਦੇ ਲਗ ਕੇ ਕੀਤੇ ਨੇਂ ਉਹ ਘੁਲ ਗਏ ਨੇਂ।"

ਇਤਨੇ ਵਿਚ ਉਨ੍ਹਾਂ ਦਾ ਪੁੱਤਰ ਜਿਹੜਾ ਉਨ੍ਹਾਂ ਤੋਂ ਅਗਾਂਹ ਅਗਾਂਹ ਬੇ ਧਿਆਨੀ ਵਿਚ ਭਜਦਾ ਜਾਂਦਾ ਹਾ, ਪਿਛਾਂਹ ਹੱਟਿਆ ਤੇ ਮਾਂ ਕੋਲੋਂ ਪੁੱਛਣ ਲਗਾ:

"ਅਮਾਂ! ਕਿਤਨਾ ਇਕ ਪਧ ਰਹਿੰਦਾ ਏ?"

"ਬੱਚਾ! ਸਾਹਵੇਂ ਟਿੱਬੇ ਟੱਪਿਆਂ ਅਗੋਂ ਨੇੜੇ ਈ ਏ।"

ਮੁੜ ਉਹ ਘਰ ਆਲੇ ਨੂੰ ਆਖਣ ਲਗੀ:

"ਪੱਧ ਤੇ ਇਤਨਾ ਕੋਈ ਨਹੀਂ ਬਸ ਟਿੱਬਿਆਂ ਆਲਾ ਲਾਘਾ ਔਖਾ ਏ।"

ਅਗੋਂ ਉਹਿੰਦਾ ਸਾਈਂ ਬੋਲਿਆ:

"ਦੁਆ ਕਰ ਇਹ ਪੱਧ ਮੁਕ ਈ ਜਾਵੇ।"

ਉਹ ਇਹੋ ਜਹੀਆਂ ਕਰਦੇ ਥਕੇ ਤਰੁੱਟੇ ਹਕੀਮ ਕੋਲ ਅਪੜੇ। ਵਾਰੀ ਆਉਣ ਤੇ ਹਕੀਮ ਬੀਮਾਰ ਨੂੰ ਚੰਗੀ ਤਰ੍ਹਾਂ ਵੇਖਿਆ ਡਿੱਠਾ। ਹਾਲ ਹਕੀਕਤ ਜਾਣ, ਬੀਮਾਰ ਦੀ ਨਬਜ਼ ਤੇ ਹਥ ਰਖ ਥੋੜਾ ਚਿਰ ਸੋਚ ਕੇ ਆਖਣ ਲਗਾ:

"ਸਾਏ ਹੇਠ ਜੰਮਣ ਆਲਿਆਂ ਦੇ ਕਦ ਘਟ ਈ ਵਧਦੇ ਨੇਂ। ਇਸ ਬੀਮਾਰੀ ਦਾ ਹਿਕੋ ਇਲਾਜ ਏ ਜੂ ਕਿਸੇ ਰਾਹੀਂ ਬੀਮਾਰ ਸਾਏ ਤੋਂ ਬਚੇ।"

ਇਹ ਗਲ ਸੁਣ ਬੀਮਾਰ ਦੀ ਮਾਂ ਦਾ ਰੰਗ ਤਾਂ ਫਿੱਕਾ ਪੈ ਗਿਆ ਪਰ ਉਹਿੰਦਾ ਪਿਉ ਹਕੀਮ ਨੂੰ ਆਖਣ ਲਗਾ:

"ਪਿਉ ਦਾਦੇ ਤੋਂ ਇਨ੍ਹਾਂ ਸਾਈਆਂ ਹੇਠ ਈ ਗੁਜ਼ਰੀ ਪਈ ਏ। ਸਾਡੇ ਵੱਡਿਆਂ ਦਾ ਆਖਣ ਏ ਜੇਕਰ ਇਹ ਸਾਏ ਨਾਂ ਹੁੰਦੇ ਤੇ ਅਸਾਂ ਸੁਕ ਸੜ ਜਾਣਾ ਹਾ। ਸਾਡੀ ਤਾਂ ਸਿਅਹਾਣ ਈ ਇਨ੍ਹਾਂ ਸਾਈਆਂ ਨਾਲ ਏ। ਤੂੰ ਬੀਮਾਰ ਨੂੰ ਹਿਕ ਵਾਰੀ ਮੁੜ ਵੇਖ। ਇਹਨੂੰ ਕਾਈ ਹੋਰ ਮਰਜ਼ ਏ।"

ਹਕੀਮ ਬੀਮਾਰ ਤੋਂ ਬਿਨਾ ਡਿੱਠਿਆਂ ਬੋਲਿਆ:

"ਬੀਮਾਰ ਦਾ ਰੁਖ਼ ਕੁਝ ਦੱਸਦਾ ਏ ਤੇ ਤੁਹਾਡੀ ਹਕੀਕਤ ਕੁਝ ਪਰ ਤੁਹਾਡਾ ਵੀ ਕੋਈ ਦੋਸ਼ ਨਹੀਂ ਜਦੋਂ ਕਿਸੇ ਦੀ ਸਿਹਾਣ ਉਹਿੰਦੇ ਲਈ ਬੀਮਾਰੀ ਬਣ ਜਾਵੇ ਓਦੋਂ ਇਹੋ ਹਾਲ ਹੁੰਦਾ ਏ।"

ਇਹ ਸੁਣ ਉਹਿੰਦੇ ਮਾਂ ਪਿਉ ਹਿਕ ਦੂਏ ਵਲ ਮੂੜੀਆਂ ਨਜ਼ਰਾਂ ਨਾਲ ਤੱਕਿਆ ਤੇ ਹਕੀਮ ਨੂੰ ਆਖਣ ਲਗੇ:


"ਕੋਈ ਤਰਲਾ ਮਾਰ ਵੇਖਦੇ ਹਾਈ......"

ਇਹ ਆਖ ਉਨ੍ਹਾਂ ਸਿਰ ਤੋਂ ਢਲਦੇ ਦਿੰਹ ਵਲ ਨਿਗਾਹ ਮਾਰੀ ਤੇ ਕਾਲ੍ਹ ਨਾਲ ਓਥੋਂ ਟੁਰ ਪਏ।

ਉਨ੍ਹਾਂ ਨੂੰ ਇਸ ਤਰ੍ਹਾਂ ਨਿਮੋ ਝਾਣਾ ਹੋ ਕੇ ਜਾਂਦਿਆਂ ਵੇਖ ਹਕੀਮ ਨਾਲ ਦਿਆਂ ਨੂੰ ਮਠੇ ਜਿਹੇ ਬੁਲਾਰੇ ਨਾਲ ਆਖਣ ਲਗਾ:

"ਪਕ ਏ ਇਨ੍ਹਾਂ ਤੋਂ ਕੋਈ ਹੀਲਾ ਵੀ ਨਹੀਂ ਹੋਵਣਾ, ਇਸ ਲਈ ਜੂ ਮਾੜਿਆਂ ਇਨ੍ਹਾਂ ਤੋਂ ਢਾਣੀਆਂ ਨਹੀਂ ਤੇ ਖੋਲੇ ਇਹ ਛਡ ਨਹੀਂ ਸੰਗਦੇ।"

# ਢੇਰੀਆਂ



“ਕੁਝ ਵੀ ਨਹੀਂ ਬੱਚਿਆ। ਹਰ ਸ਼ੈ ਲੁੜ੍ਹ ਗਈ ਏ। ਬੇਲੀਓ! ਵੱਡੇ ਸੱਚ ਆਹੰਦੇ ਨੇਂ ਛਲ ਦੇ ਪਾਣੀ ਨੂੰ ਝਾਗਣਾ ਤਾਂ ਹਿਆਤੀ ਆਲੀ ਨੈਂ ਤੋਂ ਵੀ ਔਖਾ ਏ।”

ਇਹ ਗਲ ਉਸ ਜਵਾਨ ਦੇ ਮੂੰਹੋਂ ਸੁਕ ਤੇ ਅਪੜ ਕੇ ਆਪਣੀ ਚਾਦਰ ਨੁਚੜੇਂਦਿਆਂ ਨਿਕਲੀ, ਜਿਹੜਾ ਛਲ ਦੇ ਪਾਣੀ ਵਿਚ ਵਲੇ ਹੋਏ ਘਰਾਂ ਦਾ ਪਤਾ ਕਰਣ ਗਿਆ ਹਾ। ਇਹ ਸੁਣ, ਸੁਕ ਤੇ ਖਲੇ ਉਹਨੂੰ ਉਡੀਕਣ ਆਲਿਆਂ ਵਿਚ ਕਾਈ ਦੂਈ ਗਲ ਪੁੱਛਣ ਦਾ ਹੌਸਲਾ ਈ ਨਾਂ ਰਿਹਾ।

ਚੜ੍ਹਦੇ ਸਿਆਲੇ ਉਸ ਰੁਖ ਝੜਦੇ ਤਾਂ ਕਈ ਵਾਰੀ ਵੇਖੇ ਪਰ ਬੰਦਿਆਂ ਨੂੰ ਝੜਦਿਆਂ ਉਸ ਪਹਿਲੀ ਵਾਰ ਵੇਖਿਆ। ਉਹਨੂੰ ਇੰਜ ਲਗਾ ਜੂ ਬੰਦਿਆਂ ਤੇ ਰੁਖਾਂ ਦੀ ਹਿਕੋ ਜੂਣ ਏ। ਦੋਵੇਂ ਚਾਵਾਂ ਨਾਲ ਸਾਵੇ ਰਹਿੰਦੇ ਨੇਂ। ਜੇਕਰ ਇਹ ਝੜ ਜਾਵਣ ਤਾਂ ਮੁੜ ਬੰਦਾ ਹੋਵੇ ਭਾਵੇਂ ਰੁਖ, ਦੋਵੇਂ ਟੁੰਡ ਮੁੰਡ।

ਪਾਣੀ ਵਿਚ ਬੁਡਿਆਂ ਘਰਾਂ ਵਲ ਵੇਖ ਕੇ ਉਹਨੇ ਸੋਚਿਆ ਜੂ ਰੁਖਾਂ ਦੇ ਝੜਨ ਦਾ ਤਾਂ ਮੁੜ ਹਿਕ ਮੌਸਮ ਏ ਪਰ ਬੰਦਿਆਂ ਲਈ ਕੋਈ ਨਹੀਂ। ਪਤਾ ਨਹੀਂ ਕਦੋਂ ਸਿਆਲਾ ਚੜ੍ਹ ਜਾਵੇ।

ਸੁਕ ਤੇ ਖਲੇ ਸੁਕਿਆਂ ਰੁਖਾਂ ਜਿਹਾਂ ਬੰਦਿਆਂ ਵਿਚੋਂ ਹਿਕ ਬੋਲਿਆ:

“ਇਸ ਬੇ ਮੌਸਮੀ ਛਲ ਤਾਂ ਬੰਦਿਆਂ ਦੀ ਤਬਾਹੀ ਕਰ ਛਡੀ ਏ। ਵੱਡਿਆਂ ਕੋਲੋਂ ਸੁਣਦੇ ਹਾਸੇ ਜੂ ਅਗ ਦਾ ਦਾਰੂ ਪਾਣੀ ਏ ਪਰ ਪਾਣੀ ਦਾ ਦਾਰੂ......”

ਦੂਵਾ ਬੋਲਿਆ:

“ਛਲ ਨੈਂ ਦੀ ਹੋਵੇ ਭਾਵੇਂ ਅਖ ਦੀ, ਜਦ ਵੀ ਆਵੇ ਤਬਾਹੀ ਨਾਲ ਹੁੰਦੀ ਏ। ਕੰਮਲਿਆ ! ਉਂਜ ਵੀ ਛੱਲਾਂ ਦਾ ਰੁਤਾਂ ਨਾਲ ਕੋਈ ਲਾ ਨਹੀਂ ਹੁੰਦਾ।”

ਇਤ ਵਾਰੀ ਦੀ ਛਲ ਨਾਲ ਨੁਕਸਾਨ ਤਾਂ ਦਰਿਆ ਦੇ ਨੇੜੇ ਪੂਰੇ ਪਾਸੇ ਦਾ ਹੋਇਆ ਪਰ ਉਸ ਲਾਹਮ ਦਾ ਤਾਂ ਸਫ਼ਾਇਆ ਹੋ ਗਿਆ ਜਿਹੜੀ ਦੇ ਵਸਨੀਕ ਇਹ ਬੰਦੇ ਹਾਇਨ।

ਉਂਜ ਤੇ ਦਰਿਆ ਹਰ ਸਾਲ ਪਾਣੀ ਖੰਬਾਂ ਤੋਂ ਬਾਹਰ ਕਢਦਾ। ਉਸ ਨਾਲ ਉਨ੍ਹਾਂ ਦਾ ਥੋੜਾ ਘਣਾ ਨੁਕਸਾਨ ਤੇ ਹੁੰਦਾ ਪਰ ਡੋਈਂ ਵੀ ਰੀਜ ਹੋ ਜਾਂਦੀਆਂ। ਇਸ ਪਾਣੀ ਤੋਂ ਉਨ੍ਹਾਂ ਦੇ ਘਰ ਬਚ ਜਾਂਦੇ, ਇਸ ਲਈ ਜੂ ਘਰ ਉਨ੍ਹਾਂ ਉੱਚੀਆਂ ਜਾਈਂ ਤੇ ਬਣਾਏ ਹੋਏ ਹਾਇਨ। ਘਰ ਕੀ ਹਾਇਨ, ਮਿੱਟੀ ਦੀਆਂ ਕੱਧਾਂ, ਸਿਰ ਤੇ ਕਾਨੇ। ਉਹ ਇਨ੍ਹਾਂ ਵਿਚ ਬੜੇ ਰਾਜ਼ੀ ਰਹਿੰਦੇ। ਲਗਦਾ ਹਾ ਉਨ੍ਹਾਂ ਨੂੰ ਇਹ ਪੱਕ ਹਾ ਜੂ ਉਨ੍ਹਾਂ ਇੱਥੇ ਹਮੇਸ਼ ਨਹੀਂ ਰਹਿਣਾ।

ਪਾਣੀ ਝਾਗ ਕੇ ਆਉਣ ਆਲਾ ਗੱਭਰੂ ਹਿਕ ਵਰੀ ਮੁੜ ਬੋਲਿਆ:

“ਪਾਣੀ ਤੇ ਹਰ ਸਾਲ ਆਉਂਦਾ ਏ ਪਰ ਇਸ ਤਰ੍ਹਾਂ ਦੀ ਕਰੋਪੀ ਪਹਿਲੀ ਵਾਰੀ ਵੇਖੀ ਏ, ਜਿਸ ਥੀਹਾਂ ਦੇ ਥੇਹ ਉਜਾੜ ਛਡੇ ਨੇਂ। ਲਗਦਾ ਏ ਇਤ ਵਾਰੀ ਕਾਲ ਜ਼ਰੂਰ ਪੌਸੀ।”

ਇਹ ਗਲ ਸੁਣ ਕੇ ਦੂਵਾ ਗੱਭਰੂ ਆਖਣ ਲਗਾ:

“ਜੇ ਰੱਜ ਨਹੀਂ ਰਹੇ ਤੇ ਕਾਲ ਵੀ ਨਹੀਂ ਰਹਿਣਾ। ਰੱਬ ਅਲੋਂ ਆਈ ਏ, ਬਿਸਮਿਲ੍ਹਾ ਕਰਕੇ ਮੋਢਾ ਦੇ ਛੱਡ ਸਾਈਂ।”

ਐਸੇ ਪਿੰਡ ਦੀ ਹਿਕ ਬੁਢੜੀ ਮਾਈ ਉਨ੍ਹਾਂ ਤੋਂ ਦੁਰੇਡੀ ਬੈਠੀ ਉਨ੍ਹਾਂ ਦੀਆਂ ਸਾਰੀਆਂ ਗੱਲਾਂ ਸੁਣਦੀ ਪਈ ਹਾਈ। ਡੋਈਂ ਤੇ ਤੱਲੀਆਂ ਟੇਕ ਕੇ ਉੱਠੀ। ਉਨਾਂ ਦੇ ਨੇੜੇ ਆਈ ਤੇ ਪਾਣੀ ਝਾਗਣ ਆਲੇ ਜਵਾਨ ਕੋਲੋਂ ਪੁੱਛਣ ਲਗੀ:

“ਬਚੜਾ! ਉਨ੍ਹਾ ਢੇਰੀਆਂ ਦੀ ਸੁਣਾ?”

ਉਹ ਜਵਾਨ ਅਗੋਂ ਬੋਲਿਆ:

“ਅਮਾਂ ਉਹ ਵੀ ਗਈਆਂ। ਚਲੋ ਜਦੋਂ ਘਰ ਬਣੇ ਓਦੋਂ ਉਹ ਵੀ......”

ਅਜੇ ਇਹ ਗਲ ਉਸ ਗੱਭਰੂ ਦੇ ਮੂੰਹ ਵਿਚ ਹਾਈ ਤੇ ਉਹ ਮਾਈ ਅਗੋਂ ਕਾਲ੍ਹ ਨਾਲ ਬੋਲੀ:

“ਖ਼ੈਰੀ ਸੱਲਾ! ਨਾਂ ਬੱਚਾ ਇਸ ਤਰ੍ਹਾਂ ਨਾਂ ਆਖ। ਇਹ ਢੇਰੀਆਂ ਸੌਖੀਆਂ ਨਹੀਂ ਬਣਦੀਆਂ। ਇਨ੍ਹਾਂ ਨੂੰ ਬਨਾਣ ਲਈ ਤਾਂ ਮਰਨਾ ਪੌਂਦਾ ਏ।”

# ਸਿਦਕੀ



ਲੱਜ ਸੱਪ ਨਾਲੋਂ ਵੀ ਜ਼ਿਹਰੀ ਹੁੰਦੀ ਏ।

"ਨਾਵੇਂ ਮਰੱਬੇ ਦਾ ਸੱਤਵਾਂ ਕਿੱਲਾ ਚਾਰ ਕਨਾਲੀਂ ਕਣਕ, ਬਾਰ੍ਹਵੇਂ ਮਰੱਬੇ ਦਾ ਸੋਲ੍ਹਵਾਂ ਕਿੱਲਾ ਦੋ ਕਨਾਲੀਂ ਬਰਸੀਮ, ਤੇ ਮਾਮਲਾ ਬਣਦਾ ਜੇ ਦੋ ਸੋ ਸੱਤਰ ਰੁਪਏ।"

"ਦੋ ਸੋ ਸੱਤਰ ਰੁਪਏ? ਇਤਨੀ ਸਾਰੀ ਥੋੜ੍ਹੀ ਵਾਹੀ ਦਾ ਇਤਨਾ ਮਾਮਲਾ ਕਿਵੇਂ ਬਣ ਗਿ?"

ਮਾਮਲਾ ਤਾਰਣ ਆਏ ਬੰਦਿਆਂ ਵਿਚੋਂ ਦੋ ਤਰਏ ਇਕੱਠੇ ਬੋਲੇ।

ਨੰਬਰਦਾਰ ਢਾਲਵਾਸ਼ ਦੇ ਵਰਕੇ ਫਰੋਲਦਿਆਂ ਬੋਲਿਆ:

"ਸਾਈਂ ਸਾਰਾ ਜਾਣਦਾ ਏ। ਜਿਹੜੀ ਰਿਹਨ ਰਖੀ ਸੂ ਉਹੰਦਾ ਮਾਮਲਾ ਵੀ ਇਸੇ ਤਾਰਨਾ ਏ। ਇਹੰਦਾ ਪਿਛਲੀਆਂ ਦੋ ਛੇ ਮਾਹੀਆਂ ਦਾ ਬਕਾਇਆ ਵੀ ਇਹੰਦੇ ਵਿਚ ਏ। ਚੋਕੀਦਾਰਾ ਤੇ ਟੈਕਸ ਰਲਾ ਕੇ ਦੋ ਸੋ ਸੱਤਰ ਈ ਬਣਦੇ ਨੇਂ।"

ਇਹ ਵਾਹੀ ਤੇ ਮਾਮਲਾ ਉਸ ਸੁੱਕੇ ਜਿਹੇ ਗਲੋਂ ਨੰਗੇ ਬੰਦੇ ਦਾ ਹਾ, ਜਿਹੜਾ ਪਿਛਲੀਆਂ ਮੰਜੀਆਂ ਵਿਚੋਂ ਹਿਕ ਦੀ ਪਵਾਂਦੀ ਆਲੇ ਪਾਸੇ ਬੈਠਾ ਹਾ। ਉਹ ਨਿੱਕੀ ਜਹੀ ਸਾਫ਼ੀ ਦੀ ਬੁੱਕਲ ਮਾਰ, ਨੀਵਾਂ ਸੁਟ ਕੇ ਇਹ ਸਾਰੀਆਂ ਗੱਲਾਂ ਸੁਣਦਾ ਰਿਹਾ। ਉਹੰਦੀ ਚੁੱਪ ਵੇਖ ਕੇ ਨਾਲ ਦੇ ਬੈਠੇ ਉਹਨੂੰ ਅਰਕ ਮਾਰ ਕੇ ਆਖਿਆ:

"ਕੁਝ ਤੂੰ ਵੀ ਬੋਲ। ਭੋਈਂ ਰਿਹਣ ਰਖੀ ਊ, ਜ਼ੁਬਾਨ ਤੇ ਨਹੀਂ।"

ਇਹ ਸੁਣ ਗਲੋਂ ਨੰਗਾ ਬੰਦਾ ਸੋਚਣ ਲਗਾ:

"ਇਨ੍ਹਾਂ ਨੂੰ ਮੇਰੇ ਨੀਵੇਂ ਹੋਏ ਸਿਰ ਤੋਂ ਪੱਕ ਨਹੀਂ ਹੋਇਆ ਜੂ ਇਹ ਸਾਰੀਆਂ ਸੱਚੀਆਂ ਨੇਂ।"

ਉਸ ਸਿਰ ਉਤਾਂਹ ਚਾਇਆ ਤੇ ਬੋਲਿਆ:

"ਨੰਬਰਦਾਰ ਠੀਕ ਆਖਿਆ ਏ। ਰਿਹਣ ਰਖੀ ਨੂੰ ਪਾਣੀ ਵੀ ਲਾਣਾ ਏ ਤੇ ਮਾਮਲਾ ਵੀ ਮੈਂ ਈ ਤਾਰਨਾ ਏ।"

ਇਹ ਸੁਣ, ਅਰਕ ਮਾਰਣ ਆਲਾ ਬੰਦਾ ਆਖਣ ਲਗਾ:

"ਇਹ ਕਿੱਥੋਂ ਦਾ ਨਿਆਂ ਏ ਜੂ ਵਾਹੀਆਂ ਕੋਈ ਹੋਰ ਚਾਏ ਤੇ ਮਾਮਲੇ ਕੋਈ ਹੋਰ ਤਾਰੇ।"

ਗਲੋਂ ਨੰਗਾ ਬੰਦਾ ਅਗੋਂ ਹੋਲੀ ਜਹੀ ਬੋਲਿਆ:

"ਹਮੇਸ਼ ਤੋਂ ਇੱਥੇ ਸਾਡੇ ਜਿਹਾਂ ਨਾਲ ਇਹੋ ਜਿਹੇ ਈ ਨਿਆਂ ਹੋਏ ਨੇਂ।"

ਇਹ ਆਖ, ਉਸ ਆਪਣੀ ਸੱਜੀ ਡੱਬ ਖੋਲੀ। ਕੁਝ ਪੈਸੇ ਕਢ, ਇਹ ਆਖਦਿਆਂ ਹਟਾ ਕੇ ਡੱਬ ਨੂੰਚ ਰਖ ਲਏ ਜੂ ਇਹ ਤਾਂ ਥੋੜੇ ਨੇਂ। ਓਥੋਂ ਉੱਠਿਆ ਤੇ ਘਰ ਵਲ ਟੁਰ ਗਿਆ।

ਇਸ ਗਲੋਂ ਨੰਗੇ ਬੰਦੇ ਦਾ ਜੁੱਸਾ ਕੁਝ ਵਰ੍ਹੇ ਪਹਿਲਾਂ ਤਾਈਂ ਗੇਲੀਆਂ ਵਰਗਾ ਹਾ ਜਿਹੜਾ ਹੁਣ ਸਿਣੀ ਦੇ ਛਿਲੇ ਹੋਏ ਤੀਲੇ ਵਰਗਾ ਹੋ ਗਿਆ। ਉਹ ਪੰਜ ਕਿੱਲਿਆਂ ਭੋਈਂ ਵਿਚੋਂ ਇਤਨਾ ਇਕ ਕਮਾ ਲੈਂਦਾ ਹਾ ਜਿਸ ਨਾਲ ਉਹੰਦੇ ਘਰ ਦਾ ਖਾਣ ਹੰਡਾਣ ਦਾ ਗੁਜ਼ਾਰਾ ਵਲ ਹੋ ਜਾਂਦਾ।

ਇਸ ਗੇਲੀ ਨੂੰ ਸਿਵੀ ਉਸ ਰਾਤੀਂ ਲਗੀ ਜਿਹੜੀ ਰਾਤ ਉਹੰਦੀ ਧੀ ਦੇ ਹੋਵਣ ਆਲੇ ਸੱਸ ਤੇ ਸੋਹਰਾ ਉਹੰਦੇ ਘਰ ਦਿਂਹ ਬਨਾਵਣ ਆਏ। ਉਹ ਉਨ੍ਹਾਂ ਕੋਲੋਂ ਕੁਝ ਮਹੀਨਿਆਂ ਦਾ ਕਾਰਾ ਮੰਗਦਾ ਰਿਹਾ ਪਰ ਉਹ ਨਾਂ ਮੰਨੇ। ਸਾਰੀ ਰਾਤ ਇਹੋ ਝੇੜਾ ਪਿਆ ਰਿਹਾ ਤੇ ਅਖ਼ੀਰ ਦਿਂਹ ਚੜ੍ਹੇ ਉਹ ਇਹ ਆਖ ਟੁਰ ਗਏ।

"ਤੂੰ ਸਾਨੂੰ ਸਿੱਧੀ ਗਲ ਕਰ, ਜੇ ਤੂੰ ਨਹੀਂ ਪੁੱਜ ਸੰਗਦਾ ਤਾਂ ਅਸੀਂ ਆਪਣਾ ਮੂੰਹ ਡਿੱਠਾ ਕਰੀਏ।"

ਉਨ੍ਹਾਂ ਦੀਆਂ ਇਹ ਗੱਲਾਂ ਸੁਣ, ਉਸ ਉਨ੍ਹਾਂ ਕੋਲੋਂ ਅੱਠਾਂ ਦਿਂਹਾਂ ਦਾ ਕਾਰਾ ਲੈ ਲਿਆ। ਉਨ੍ਹਾਂ ਦੇ ਜਾਵਣ ਮਗਰੋਂ ਉਹੰਦੀ ਧੀ ਜਿਹੜੀ ਉਨ੍ਹਾਂ ਦੀਆਂ ਸਾਰੀਆਂ ਸੁਣਦੀ ਪਈ ਹਾਈ, ਆਪਣੇ ਪਿਉ ਨੂੰ ਆਖਣ ਲਗੀ:

"ਮੇਰਾ ਬੋਲਣਾ ਬਣਦਾ ਤਾਂ ਨਾਹੀਂ, ਜੇ ਤੂੰ ਆਖੇਂ ਤਾਂ ਮੈਂ ਹਿਕ ਗਲ ਪੁੱਛਾਂ?"

ਉਹੰਦਾ ਪਿਉ ਬੋਲਿਆ:

"ਪੁੱਛ।"

"ਮੈਂ ਤੁਹਾਡੇ ਕੋਲੋਂ ਈ ਸੁਣਿਆ ਏ ਜੂ ਲਗਦੇ ਲੈਂਦੇ ਤੇ ਭੈਣ ਭਰਾ ਦੁਖ ਤੇ ਔਖਿਆਈ ਵੇਲੇ ਕੰਮ ਆਉਂਦੇ ਨੇਂ। ਜੇਕਰ ਇਹ ਸੱਚ ਏ ਤਾਂ ਉਸ ਸਾਕਾ ਚਾਰੀ ਦਾ ਕੀ ਫ਼ੈਦਾ ਜਿਹੜੀ ਸੱਭ ਤੋਂ ਪਹਿਲੋਂ ਭੈਣ ਭਰਾ ਲਈ ਸਿਕ ਤੇ ਰੀਝ ਨੂੰ ਖਾ ਜਾਵੇ। ਮੇਰੀ ਮੰਨ ਤੂੰ ਇਨ੍ਹਾਂ ਨੂੰ ਜਵਾਬ ਦੇ। ਰੱਬ ਦੀ ਬਾਕੀ ਖ਼ਲਕਤ ਮਰ ਨਾਂ ਗਈ ਏ। ਜੇਕਰ ਉਨ੍ਹਾਂ ਨੂੰ ਕੋਈ ਹੋਰ ਬੂਹਾ ਲਭ ਗਿਆ ਤਾਂ ਸਾਨੂੰ ਵੀ......"

ਇਹ ਆਖ, ਉਹ ਰੋਂਦੀ ਰੋਂਦੀ ਪਿਉ ਕੋਲੋਂ ਉੱਠੀ ਤੇ ਅੰਦਰ ਟੁਰ ਗਈ।

ਧੀ ਦੀਆਂ ਇਹ ਗੱਲਾਂ ਸੁਣ ਉਹ ਆਪਣੀ ਸਵਾਣੀ ਨੂੰ ਆਖਣ ਲਗਾ:

"ਆਹੰਦੀ ਇਹ ਵੀ ਸੱਚ ਏ ਪਰ ਹਿਕ ਤਾਂ ਭਿਰਾ ਦਾ ਘਰ ਉੱਤੋਂ ਜ਼ੁਬਾਨ ਦਿੱਤੀ ਦੀ ਲੱਜ ਵੀ ਏ।"

ਉਹੰਦੀ ਸਵਾਣੀ ਆਖਣ ਲਗੀ:

"ਇਹ ਦੋ ਭਰਾਵਾਂ ਦਾ ਝੇੜਾ ਏ। ਮੈਂ ਕਾਈ ਕੀਤੀ ਤੇ ਸਾਰੇ ਆਖਸਣ ਜੂੰ ਇਸ ਰਲਦੇ ਭਿਰਾ ਜਾਣ ਕੇ ਫੋੜ ਛਡੇ। ਜਿਵੇਂ ਚੰਗਾ ਲਗਦਾ ਈ, ਉਹ ਕਰ। ਤੂੰ ਵੀ ਕਈਆਂ ਦੂਈਆਂ ਵਾਂਗੂੰ ਆਪਣੀ ਧੀ ਨੂੰ ਲੱਜ ਦੇ ਵੱਟਿਆਂ ਨਲ ਤੋਲ ਛਡ।"

ਇਸ ਕਾਰੇ ਤੋਂ ਪਿੱਛੋਂ ਉਹ ਚਾਰ ਰਾਤੀਂ ਸੌਂ ਨਾ ਸੰਗਿਆ। ਲਗਦਾ ਹਾ ਕੋਈ ਸ਼ੈ ਉਹਨੂੰ ਅੰਦਰੋ ਅੰਦਰੀ ਖਾਦੀ ਜਾਂਦੀ ਏ। ਹਿਕ ਰਾਤ ਉਹ ਆਪਣੀ ਸਵਾਣੀ ਨੂੰ ਆਖਣ ਲਗਾ:

"ਉਰੇਂ ਪਰੇਂ ਸੈ ਤਰਲਾ ਮਾਰਿਆ ਏ ਪਰ ਕਾਈ ਗਲ ਬਣੀ ਨਹੀਂ। ਮੇਰੀ ਸਲਾਹ ਏ ਅਸੀਂ ਚਾਰ ਕਿੱਲੇ ਰਿਹਣ ਰਖ ਛੱਡੀਏ।"

ਉਹ ਅੱਗੋਂ ਬੋਲੀ:

"ਉਂਜ ਤੈਨੂੰ ਸਾਰੀਆਂ ਲੱਜਾਂ ਯਾਦ ਰਹੀਆਂ ਪਰ ਇਹ ਵਿੱਸਰ ਗਈ ਜੂੰ ਆਪਣੇ ਵਲ ਭੋਈਂ ਰਿਹਨ ਰਖਣੀ ਗਾਲ੍ਹ ਏ।"

ਉਹ ਕੁਝ ਰਿਰ ਮਗਰੋਂ ਬੋਲਿਆ:

"ਗਾਲ੍ਹ ਤਾਂ ਹੈ ਪਰ ਹੋਰ ਗਲੀ ਬੂਹਾ ਵੀ ਕੋਈ ਨਹੀਂ। ਜੇ ਭੋਈਂ ਰਿਹਨ ਰਖਣ ਆਲਾ ਕੌੜਾ ਘੁਟ ਭਰ ਕੇ ਮੈਂ ਅੰਦਰ ਆਲੀ ਸਿਵੀ ਨੂੰ ਨਾਂ ਮਾਰਿਆ ਤੇ ਇਹ ਆਪਣੇ ਪਿੱਛੋਂ ਆਪਣੀ ਧੀ ਨੂੰ ਵੀ ਚੱਟ ਜਾਸੀ।"

ਇਹ ਸੁਣ ਉਹੰਦੀ ਸਵਾਣੀ ਚੁੱਪ ਕਰ ਗਈ।

ਪੰਜਵਾਂ ਦਿੰਹ ਨਿਕਲਣ ਤੋਂ ਪਹਿਲਾਂ ਉਹ ਦੂਈ ਵਸਤੀ ਦੇ ਉਸ ਬੰਦੇ ਦੇ ਘਰ ਜਾ ਨਿਕਲਿਆ ਜਿਹੜਾ ਭੋਈਂ ਰਿਹਨ ਰਖ ਕੇ ਪੈਸੇ ਦੇਂਦਾ ਹਾ। ਉਸ ਆਪਣੇ ਪੰਜ ਕਿੱਲਿਆਂ ਵਿਚੋਂ ਚਾਰ ਕਿੱਲੇ ਰਿਹਨ ਰਖ ਛਡੀ ਤੇ ਨਾਲ ਇਹ ਸ਼ਰਤ ਵੀ ਮਨ ਲਈ ਜੂੰ ਪਾਣੀ ਵੀ ਲੇਸਾਂ ਤੇ ਮਾਮਲਾ ਵੀ ਭਰਸਾਂ।

ਆਪਣੀ ਧੀ ਨੂੰ ਸੂਹਾ ਜੋੜਾ ਪਵਾਣ ਤੋਂ ਪਿੱਛੋਂ ਉਹੰਦੇ ਸਰੀਰ ਵਿਚ ਇਤਨੀ ਰੱਤ ਵੀ ਨਾਂ ਬਚੀ ਜੂੰ ਉਹ ਆਪਣੇ ਹਿਕ ਕਿੱਲੇ ਨੂੰ ਪੂਰੀ ਤਰ੍ਹਾਂ ਵਾਹ ਬਣਾ ਸੰਗੇ, ਤਾਈਂ ਤਾਂ ਅੱਠਾਂ ਕਨਾਲਾਂ ਵਿਚੋਂ ਦੋ ਕਨਾਲੀਂ ਅੱਪੜ ਪਈਆਂ ਰਹੀਆਂ।

ਵਿਆਹ ਮਗਰੋਂ ਜਦੋਂ ਉਹੰਦੀ ਧੀ ਪਹਿਲੀ ਵਾਰੀ ਆਪਣੇ ਸੌਹਰੇ ਨਾਲ ਪੇਕਿਆਂ ਤੇ ਆਈ ਤੇ ਪਿਉ ਨੂੰ ਮਿਲਣ ਤੋਂ ਪਿੱਛੋਂ ਉਹੰਦਾ ਹਥ ਆਪਣੇ ਹਥ ਵਿਚ ਲੈ, ਉਹੰਦੀ ਤਲੀ ਵੇਖ ਕੇ ਆਖਣ ਲਗੀ:

"ਬਾਬਾ ਤੇਰੇ ਸਰੀਰ ਵਿਚ ਤਾਂ ਰੱਤ ਈ ਕੋਈ ਨਹੀਂ। ਕੁਝ ਖਾਦਾ ਪੀਤਾ ਕਰ। ਅਮਾਂ! ਲਗਦਾ ਏ ਮੇਰੇ ਪਿੱਛੋਂ ਤੂੰ ਮੇਰੇ ਪਿਉ ਨੂੰ ਪੂਰੀ ਰੋਟੀ ਨਹੀਂ ਦਿੱਤੀ।"

ਇਹ ਆਖ ਉਹ ਪਿਉ ਲਈ ਦੁੱਧ ਲੈਣ ਟੁਰ ਗਈ।

ਪਿਉ ਉਹੰਦੀ ਮਾਂ ਨੂੰ ਹੱਸਦਿਆਂ ਹੋਇਆਂ ਆਖਣ ਲਗਾ:

"ਇਹ ਵੀ ਕਮਲੀ ਏ। ਇਹਨੂੰ ਪਤਾ ਨਹੀਂ, ਜਦੋਂ ਆਪਣੇ ਵਰਗੇ ਧੀਆਂ ਦੇ ਹਥ ਸੂਹੇ ਕਰਦੇ ਨੇਂ ਓਦੋਂ ਉਨ੍ਹਾਂ ਦੇ ਆਪਣੇ ਵਜੂਦ ਵਿਚ ਰੱਤ ਨਹੀਂ ਰਹਿੰਦੀ।"

# ਅਜੋੜ



ਵਾਵਾਂ ਘੁਲਦਿਆਂ ਰਹਿਣਾ ਏ, ਬੱਦਲਾਂ ਟੁਰਦਿਆਂ ਰਹਿਣਾ ਏ।

ਦਿਲ ਤਾਂ ਉਨ੍ਹਾਂ ਦਾ ਵੀ ਹਾ ਜੂ ਉਹ ਪੱਖੀ ਛੱਡ ਹਾਤਿਆਂ ਵਿਚ ਰਹਿਣ ਪਰ ਉਨ੍ਹਾਂ ਨੂੰ ਬੰਦਿਆਂ ਦੀ ਥੋੜ ਹਾਈ ਤੇ ਸਿਰਫ਼ ਇੱਟੋਂ ਨਾਲ ਹਾਤੇ ਉਸਾਰਨ ਦਾ ਓਥੇ ਰਵਾਜ ਈ ਨਾਹੂ। ਇਹੋ ਸੋਚ ਉਨ੍ਹਾਂ ਕੱਧੀ ਮਲ ਲਈ ਜੂ ਦਰਿਆ ਆਪਣਿਆਂ ਮਣਾਂ ਤੇ ਕੱਧਾਂ ਨੂੰ ਘਟ ਈ ਮੰਨਦੇ ਨੇਂ।

ਹਿਆਤੀ ਦੇ ਡੰਗ ਪੂਰੇ ਕਰਣ ਲਈ ਉਹ ਹਾੜ ਦੀ ਧੁਪ, ਸਾਵਣ ਦੀ ਹੁਸ ਤੇ ਪੋਹ ਮਾਂਘ ਦੇ ਕੱਕਰਾਂ ਦੀਆਂ ਲੀਰੋਂ ਆਲੀ ਪੱਖੀ ਦੇ ਵਾਸੀ ਬਣ ਗਏ। ਕੱਧੀ ਤੇ ਇਸ ਬੁਣਤਰ ਦੀ ਪੱਖੀ ਵਿਚ ਉਨ੍ਹਾਂ ਦੀ ਕਿਵੇਂ ਨਿਭਦੀ ਪਈ ਹਾਈ, ਉਵੇ ਜਾਣਦੇ ਨੇਂ, ਕੱਧੀ ਦੀ ਮਣ ਤੇ ਵਾਸ ਜਿਨ੍ਹਾਂ ਦੇ।

ਦਰਿਆ ਦੇ ਲਾਘੇ ਆਲਿਆਂ ਨੂੰ ਆਮ ਦੀਂਹਾਂ ਵਿਚ ਤੇ ਇਨ੍ਹਾਂ ਪੱਖੀਆਂ ਦਾ ਆਸਰਾ ਹਾ ਈ ਪਰ ਸਾਵਣ ਇਚ ਦਰਿਆ ਜਦੋਂ ਹਾਥਾਂ ਭੰਨਦਾ ਓਦੋਂ ਬੰਦੇ ਦੂਈ ਕੱਧੀ ਤੇ ਅਪੜਣ ਲਈ ਬੇੜੀ ਦੀਆਂ ਧਪਾਂ ਤੇ ਬੋਟ ਚੀਰਨ ਆਲੀਆਂ ਔਖਿਆਈਆਂ ਇਨ੍ਹਾਂ ਪੱਖੀਆਂ ਦੀ ਆਸ ਤੇ ਈ ਝਾਗਦੇ। ਅਚਣ ਚੇਤੀ ਯਾਂ ਕਿਸੇ ਬਣੀ ਵੇਲੇ ਜੇ ਕਿਸੇ ਨੂੰ ਪੱਤਣ ਨੇੜੇ ਅਧਾ ਮੁਨਾ ਪਹਿਰ ਰਾਤ ਗੁਜ਼ਾਰਨੀ ਪੇਂਦੀ ਤੇ ਉਹੰਦੀ ਸਮਾਈ ਵੀ ਇਨ੍ਹਾਂ ਪੱਖੀਆਂ ਵਿਚ ਹੋ ਈ ਜਾਂਦੀ। ਦਰਿਆ ਦੇ ਪਾਧੀ ਉਂਜ ਵੀ ਕੱਧਾਂ ਆਲਿਆਂ ਕੋਲ ਰਹਿਣ ਤੋਂ ਕਢਏਂਦੇ ਨੇਂ। ਪੱਖੀ ਵਾਸਾਂ ਆਪਣੇ ਕੋਲ ਸਾਹ ਲੈਣ ਲਈ ਅੜਕਣ ਆਲਿਆਂ ਵਿਚ ਸੂੰਹੇ ਮਨ ਸੂੰਹੇ ਆਲਾ ਵੇਰਵਾ ਕਦੇ ਨਾਹਓ ਕੀਤਾ। ਲਗਦਾ ਹਾ ਇਹ ਚੱਜ ਉਨ੍ਹਾਂ ਦਰਿਆ ਦੇ ਪਾਣੀ ਕੋਲੋਂ ਸਿਖਿਆ ਹਾ।

ਚਿਰਾਂ ਤੋਂ ਕੱਧੀ ਵਾਸ ਹੋਵਣ ਪਾਰੋਂ ਉਨ੍ਹਾਂ ਨੂੰ ਦਰਿਆ ਦੇ ਲਾਘੇ ਆਲਿਆਂ ਵਿਚੋਂ ਘਣੀਆਂ ਦੀ ਸਿਹਾਣ ਹਾਈ। ਪਰ ਅੱਜ ਪਿਛਲੇ ਪਿਹਰ ਦੇ ਪੂਰ ਵਿਚ ਦਰਿਆ ਲਘ ਕੇ ਹੁੱਸੇ ਹੋਏ ਜਿਹੜੇ ਬੰਦੇ ਉਨ੍ਹਾਂ ਦੀਆਂ ਰਾਹੀਆਂ ਆਲੀ ਛਪਰੀ ਦੀ ਕਾਣੀ ਛਾਂ ਤੇ ਸਾਹ ਲੈਣ ਅੜਕੇ, ਉਨ੍ਹਾਂ ਨੂੰ ਪੱਖੀ ਵਾਸਾਂ ਅਜ ਪਿਹਲੀ ਵਾਰੀ ਵੇਖਿਆ ਹਾ।

ਪੱਖੀ ਵਾਸਾਂ ਦੀ ਆਦਰ ਭਾਲ ਵੇਖ, ਮਨ ਸੂੰਹਿਆਂ ਬੰਦਿਆਂ ਵਿਚੋਂ ਹਿਕ ਉਨ੍ਹਾਂ ਨੂੰ ਆਖਣ ਲਗਾ:

"ਗੱਲਾਂ ਤੋਂ ਲਗਦਾ ਏ ਜੂ ਤੁਹਾਡੀ ਸਾਰੀ ਹਿਆਤੀ ਕੱਧੀ ਦੀ ਮਣ ਤੇ ਗੁਜ਼ਰੀ ਏ। ਜਦੋਂ ਸਾਰੀ ਖ਼ਲਕਤ ਹਾਤੇ ਵਲਦੀ ਪਈ ਹਾਈ ਹਿਕ ਅਧਾ ਹਾਤਾ ਤੁਸੀਂ ਵੀ ਵਲ ਲਵੋ ਹਾ।"

ਪੱਖੀ ਵਾਸਾਂ ਦਾ ਹਿਕ ਵਡੇਰੀ ਉੱਮਰ ਦਾ ਬੰਦਾ ਥੋੜਾ ਹੱਸ ਕੇ ਬੋਲਿਆ:

"ਜੇ ਕਰ ਅਸੀਂ ਵੀ ਹਾਤੇ ਵੱਲ ਲੈਂਦੇ ਤੇ ਦਰਿਆਵਾਂ ਦੇ ਤੱਸਿਆਂ ਨੂੰ ਪਾਣੀ ਕੋਣ ਪਵਾਵੇ ਹਾ। ਔਖ ਸੋਖ ਨਾਲ ਈ ਸਹੀ ਘਣੀ ਨਿਭ ਗਈ ਏ ਤੇ ਥੋੜੀ ਰਹਿ ਗਈ ਏ। ਹਾਤਿਆਂ ਆਲਿਆਂ ਵਿਚ ਸੀਂ, ਵੰਡ ਆਲੇ ਝੇੜੇ ਆਮ ਨੈਂ ਤੇ ਨਿੱਕੀ ਜਹੀ ਹਿਆਤੀ ਵਿਚ ਬੰਦਾ ਕਿਹੜਾ ਕਿਹੜਾ ਝੇੜਾ ਝੇੜੇ। ਇਨ੍ਹਾਂ ਝੇੜਿਆਂ ਦੇ ਡਰ ਤੋਂ ਅਸਾਂ ਪੱਖੀਆਂ ਰੇਤ ਤੇ ਆ ਲਾਈਆਂ ਨੇਂ। ਰੇਤ ਦੇ ਵਸਨੀਕਾਂ ਵਿਚ ਸੀਂ ਵੰਡ ਆਲਾ ਝੇੜਾ ਕਦੇ ਨਹੀਂ ਬਣਿਆ।"

ਆਇਆਂ ਬੰਦਿਆਂ ਵਿਚੋਂ ਹਿਕ ਬੋਲਿਆ:

"ਸੀਂ ਵੰਡ ਦਾ ਰੋਲਾ ਤਾਂ ਹਰ ਪਾਸੇ ਹੁੰਦਾ ਏ ਪਰ ਇਹ ਅਜਿਹਾ ਵੀ ਨਹੀਂ ਜੂ ਬੰਦਾ ਇਹੰਦੇ ਡਰ ਤੋਂ ਪੱਖੀ ਵਾਸ ਬਣ ਕੱਧੀ ਮੱਲ ਲਵੇ।"

ਪੱਖੀ ਵਾਸ ਹੁੱਕੇ ਦਾ ਲੰਮਾ ਘੁਟ ਭਰਿਆ ਤੇ ਨੜੀ ਦੂਏ ਦੇ ਹੱਥ ਦੇ ਕੇ ਬੋਲਿਆ:

"ਹਾਤੇ ਵਲਣਾ, ਉਹਨ੍ਹਾਂ ਦੀ ਵੰਡ ਕਰਨਾ ਤੇ ਉਹਨਾਂ ਵਿਚ ਘਰ ਬੱਨਣ ਆਲੀ ਤਾਂ ਅਜ਼ਲ ਤੂੰ ਹੋਂਦੀ ਅਈ ਏ ਪਰ ਏਥੇ ਹਾਤੇ ਵਟਣ ਆਲਿਆਂ ਜੇਹੜੀ ਹਿਕ ਦੂਏ ਨਾਲ ਕੀਤੀ ਅਜ ਤਾਈਂ ਵੇਖੀ ਏ ਨਾਂ ਸੁਣੀ।

ਕਈ ਸਾਲ ਵਾਹਣ ਤੋਂ ਪਿੱਛੋਂ ਰੱਤੇ ਪਾਣੀਆਂ ਆਲਾ ਦਰਿਆ ਜਦੋਂ ਓਥੋਂ ਹਟਿਆ ਤਾਂ ਢੱਠੀ ਹੋਈ ਜਾਅ ਵਿਚੋਂ ਕੁਝ ਬੂਢ ਬਣ ਗਈ। ਕੁਝ ਵਿਚ ਬੇਲਾ ਬਣਿਆ ਤੇ ਕਾਈ ਕਾਈ ਨੁਕਰ ਸਾਫ਼ ਵੀ ਨਿਕਲੀ। ਸਾਰੇ ਭਾਈਵਾਲ ਇਕੱਠੇ ਹੋ ਗਏ। ਓਦੋਂ ਉਨ੍ਹਾਂ ਵਿਚ ਉਹ ਇਤਫ਼ਾਕ ਨਾਂ ਰਿਹਾ ਜਿਹੜਾ ਦਰਿਆ ਵੈਂਹਦੇ ਵੇਲੇ ਉਨ੍ਹਾਂ ਵਿਚ ਹੁੰਦਾ ਹਾ। ਸਾਰੇ ਹਿਕ ਦੂਏ ਤੋਂ ਮੋਹਰੇ ਸਾਫ਼ ਨੁਕਰਾਂ ਦੀ ਮਾਲਕੀ ਦੇ ਦਾਅਵੇ ਦਾਰ ਬਣ ਗਏ। ਬੂਢ ਤੇ ਕਾਨਿਆਂ ਆਲੀ ਲਾਵਾਰਸੀ ਰਹਿ ਗਈ। ਮੁੜ ਪਤਾ ਨਾਈਂ ਕੀ ਹੋਇਆ, ਜਿਹੰਦੇ ਹਥ ਜਿਹੜੀ ਲਗੀ ਉਸ ਦਾ ਮਾਲਕ ਬਣ ਬੈਠਾ। ਇਨ੍ਹਾਂ ਮਾਲਕੀਆਂ ਨੂੰ ਪੱਕਿਆਂ ਕਰਨ ਲਈ ਉਹ ਹਾਤੇ ਵਲਣ ਲਈ ਹਿਕ ਦੂਏ ਤੋਂ ਕਾਲ੍ਹੇ ਹੋ ਗਏ।

ਪੱਖੀ ਵਾਸ ਥੋੜੇ ਚਿਰ ਮਗਰੋਂ ਮੁੜ ਆਖਣ ਲਗਾ:

"ਇਸੇ ਕਾਲ੍ਹ ਵਿਚ ਉਨ੍ਹਾਂ ਹਾਤਿਆਂ ਦੀਆਂ ਕੱਧਾਂ ਉਸਾਰਨ ਪਾਰੋਂ ਇੱਟ ਵੱਟੇ ਲਈ ਪੱਕੀਆਂ ਕੱਬਰਾਂ, ਪੁਰਾਣੇ ਦਰਬਾਰ, ਮਸੀਤ ਤੇ ਮੜ੍ਹੀਆਂ ਢਾਣ ਤੋਂ ਵੀ ਨਾਂ ਵਲਾਇਆ। ਜਿੱਥੇ ਇਹ ਇੱਟੋਂ ਥੁੜੀਆਂ ਓਥੇ ਜ਼ੋਰ ਆਲਿਆਂ ਇੱਟੋਂ ਦੀ ਥਾਹਰੀਂ ਕੱਧਾਂ ਵਿਚ ਜੀਂਦੇ ਜਾਗਦੇ ਬੰਦੇ ਬੀੜ ਛੱਡੇ। ਗਾਰੇ ਲਈ ਪਾਣੀ ਉਨ੍ਹਾਂ ਕੋਲ ਰੱਜ ਹਾ, ਇਸ ਲਈ ਜੂ ਰੱਤੇ ਪਾਣੀ ਆਲੇ ਦਰਿਆ ਦੀ ਛੱਡੀ ਹੋਈ ਬੂਢ ਉਨ੍ਹਾਂ ਦੇ ਬੂਹੇ ਤੇ ਹਾਈ। ਜਿਹੜੀਆਂ ਕੜਮਿਆਂ ਦਾ ਕੁਣਾ ਕੱਧਾਂ ਦੇ ਏਰੀਆ ਤੇ ਪਿਆ ਉਨ੍ਹਾਂ ਵਿਚੋਂ ਕਈ ਜਿੰਦ ਬਚਾ ਕੇ ਕੱਧੀ ਨੂੰ ਮੂੰਹ ਕਰ ਗਏ। ਜਿਹੜੇ ਚਿਮੜੇ ਰਹੇ ਉਨ੍ਹਾਂ ਦੇ ਸਿਰਾਂ ਤੇ ਇੰਜ ਦੀਆਂ ਕੱਧਾਂ ਬਣੀਆਂ ਜੂ ਉਨ੍ਹਾਂ ਦਾ ਨਾਂ ਨਿਸ਼ਾਨ ਵੀ ਗਿਆ। ਅੱਜ ਉਹ ਕੜਮੇ ਕਿਸੇ ਨੂੰ ਚੇਤੇ ਵੀ ਨਾਹੀਂ, ਜਿਨ੍ਹਾਂ ਆਪਣੇ ਸਿਰ ਦੇ ਕੇ ਦੂਈਆਂ ਨੂੰ ਹਾਤਿਆਂ ਦਾ ਸਾਈਂ ਬਣਾਇਆ।"

ਪੱਖੀ ਵਾਸ ਠੰਡਾ ਸਾਹ ਭਰ ਕੇ ਚੁੱਪ ਕਰ ਗਿਆ ਤੇ ਮੁੜ ਬੋਲਿਆ:

“ਚੰਗਾ ਹੁੰਦਾ ਕੱਧਾਂ ਉਸਰਣ ਮਗਰੋਂ ਉਹ ਔਖ ਸੌਖ ਵੇਲੇ ਹਿਕ ਦੂਏ ਦੇ ਕੰਮ ਆਉਂਦੇ ਪਰ ਇਹ ਨਾਂ ਹੋਇਆ। ਆਮ ਵਸੇਬਾਂ ਵਿਚ ਰਲ ਵੱਸਦਿਆਂ ਨਾਲੋਂ ਇਨ੍ਹਾਂ ਵਖਰੇ, ਉਲਟੇ ਤੇ ਓਝੜ ਰਾਹ ਨੱਪ ਲਏ। ਹਟਵੀਆਂ ਰਾਹਵਾਂ ਤੇ ਟੁਰਨ ਕਾਰਨ ਇਨ੍ਹਾਂ ਹਿਕ ਦੂਏ ਦੇ ਰਾਹ ਡੱਕੇ, ਪਾਣੀ ਡੱਕਿਆ, ਖਾਲੇ ਢਾਏ, ਵਾਹੀਆਂ ਉਜਾੜੀਆਂ, ਢੋਰ ਲੁਕਾਏ। ਬੰਦੇ ਲੁਕਾਉਣ ਆਲੀ ਰਾਹ ਰਸਮ ਵੀ ਇਨ੍ਹਾਂ ਈ ਕੱਢੀ ਏ। ਇਹ ਹਾਲ ਵੇਖ ਚਾਰ ਚੁਫ਼ੇਰ ਦੇ ਬੰਦੇ ਇਨ੍ਹਾਂ ਵੱਲ ਢੁਕਦੇ ਰਹਿੰਦੇ ਨੇਂ। ਉਹ ਪੁੱਛਦੇ ਨੇਂ ਜੂੰ ਤੁਹਾਡਾ ਰੌਲਾ ਕੀ ਏ? ਸੁਣ ਕੇ ਦੋਵੇਂ ਵੱਲ ਨੀਲੇ ਪੀਲੇ ਹੁੰਦੇ ਰਹਿੰਦੇ ਨੇਂ ਮੂੰਹੋਂ ਕੁਝ ਨਹੀਂ ਬੋਲਦੇ।”

ਆਇਆਂ ਬੰਦਿਆਂ ਵਿਚੋਂ ਹਿਕ ਆਖਣ ਲਗਾ:

“ਜੇਕਰ ਇਹ ਗਲ ਏ ਤਾਂ ਆਪੋ ਆਪਣੇ ਹਾਤੇ ਵਲਣ ਤੋਂ ਪਿੱਛੋਂ ਉਨ੍ਹਾਂ ਦੀ ਆਪਸ ਵਿਚ ਅਜੋੜ ਬਣਦੀ ਤੇ ਨਹੀਂ ਮੁੜ ਉਹ ਹਿਕ ਦੂਏ ਦੇ ਵੈਰੀ ਕਿਉਂ ਨੇਂ?”

ਪੱਖੀ ਵਾਸ ਕੁਝ ਸੋਚਦਿਆਂ ਬੋਲਿਆ:

“ਆਹਮ ਲਾਹਮ ਦੇ ਵੱਸਦਿਆਂ ਵੀ ਬੜੇ ਗਵੇੜ ਲਾਏ ਨੇਂ ਕੋਈ ਕੁਝ ਆਹੰਦਾ ਏ, ਕੋਈ ਕੁਝ। ਸਾਡੀ ਸਮਝ ਮੂਜਬ ਹਾਤਿਆਂ ਦੀਆਂ ਨੀਹਾਂ ਰਖਦਿਆਂ ਵੇਲੇ ਭੋਈਂ ਵਿਚੋਂ ਨਿਕਲਣ ਆਲਾ ਬੇ ਵਸਾਹੀ ਦਾ ਨਾਂਗ ਇਨ੍ਹਾਂ ਨੂੰ ਲੜ ਗਿਆ ਹਾ। ਤਾਂ ਈ ਤਾਂ ਪੀੜ੍ਹੀਆਂ ਤੋਂ ਰੱਲ ਵੱਸਦੇ, ਦੁਖ ਸੁਖ ਦੇ ਭਾਈਵਾਲ, ਹਿਆਤੀ ਆਲੇ ਧੁਪਾਂ ਪਾਲੇ ਰੱਲ ਕੇ ਝਲਦੇ, ਹਿਕੇ ਮਿੱਟੀ ਦਾ ਪਾਣੀ ਪੀਂਦੇ ਪੀਂਦੇ ਹੁਣ ਹਿਕ ਦੂਏ ਦੀ ਰੱਤ ਪੀਵਣ ਨੂੰ ਸਿਕਦੇ ਨੇਂ।

ਸਿਆਣਿਆਂ ਦਾ ਆਖਣ ਏ ਜੂੰ ਬੇ ਵਸਾਹੀ ਆਲਾ ਨਾਂਗ ਜੱਦ ਸਾੜ ਏ। ਇਹ ਜਿਸ ਨੂੰ ਲੜਦਾ ਏ ਉਹੰਦੀਆਂ ਆਉਣ ਆਲੀਆਂ ਪੁਸ਼ਤਾਂ ਵੀ ਇਹੰਦੀ ਵਿਸ ਨਾਲ ਸੜ ਕੇ ਸਵਾਹ ਹੋ ਜਾਂਦੀਆਂ ਨੇਂ। ਤਾਈਂ ਤਾਂ ਇਨ੍ਹਾਂ ਰੋਗੀਆਂ ਹਾਤਿਆਂ ਆਲੀਆਂ ਕੱਧਾਂ ਤੋਂ ਪਿੱਛੋਂ ਪਹਿਲੇ ਆਪਣੇ ਸਰੀਰਾਂ ਤੇ ਮੁੜ ਰੂਹਾਂ ਵਿਚਕਾਰ ਕੱਧਾਂ ਵੀ ਉਸਾਰ ਲਈਆਂ।

ਇਹ ਰੋਗੀ ਹਿਕ ਦੂਏ ਦੀ ਰੱਤ ਪੀਵਣ ਆਲੀ ਲਤ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਲੜਦੇ ਲੜਦੇ ਹੁਣ ਤਾਂ ਹੱਦੋਂ ਟੱਪ ਗਏ ਨੇਂ। ਇਸੇ ਰੋਗ ਮੂਜਬ ਇਹ ਆਪਣੇ ਬੀਮਾਰਾਂ ਦੇ ਦਾਰੂ ਦੇ ਨਾਲ ਨਾਲ ਆਪਣੇ ਭੁਖਿਆਂ ਦੇ ਮੂੰਹੋਂ ਗਰਾਂਹ ਖੋਹ ਕੇ ਵੇਚੀ ਜਾਂਦੇ ਨੇਂ। ਜੇਕਰ ਇਨ੍ਹਾਂ ਦੇ ਬੂਹੇ ਕੋਈ ਸਵਾਲੀ ਆ ਜਾਵੇ ਤਾਂ ਉਸ ਕੋਲੋਂ ਵੀ ਦਿੱਤੇ ਖ਼ੈਰ ਦਾ ਮੁਲ ਮੰਗਦੇ ਨੇਂ। ਕੱਚੇ ਪੱਕੇ ਰੁਖ ਤਾਂ ਇਨ੍ਹਾਂ ਸ਼ੁਰੂ ਦੇ ਸਾਲਾਂ ਇਚ ਈ ਵੇਚ ਛੱਡੇ ਹਾਇਨ। ਸੁਣਿਆ ਏ ਉਨ੍ਹਾਂ ਵਿਚ ਉਹ ਰੁਖ ਵੀ ਵਿਕ ਗਏ ਜਿਨ੍ਹਾਂ ਦੀ ਛਾਂ ਤੇ ਬਾਹਣ ਨਾਲ ਬੇ ਵਿਸਾਹੀ ਆਲੇ ਨਾਂਗ ਦੇ ਡੰਗਿਆਂ ਨੂੰ ਵੀ ਆਰਾਮ ਆ ਜਾਂਦਾ ਹਾ।”

ਪੱਖੀ ਵਾਸ ਹਿਕ ਵਾਰੀ ਚੁੱਪ ਕਰ ਗਿਆ ਤੇ ਭੈੜੇ ਜਿਹੇ ਰੁਖ਼ ਨਾਲ ਆਖਣ ਲਗਾ:

“ਸੁਣਿਆ ਏ ਅੱਜ ਕਲ ਆਪਣੇ ਸੁਫ਼ਨੇ ਤੇ ਭਰਮ ਵੇਚਣ ਤੇ ਲਗੇ ਹੋਏ ਨੇਂ। ਸਾਰਾ ਕੁਝ ਵੇਚ ਵਟਾ ਕੇ ਇਹ ਹਿਕ ਦੂਏ ਨੂੰ ਮਾਰਣ ਲਈ ਡਾਂਗ ਸੋਟਾ, ਵੱਨੋ ਵੱਨ ਦੀਆਂ ਛੱਵੀਆਂ ਤੇ ਕੁਹਾੜੀਆਂ ਲੈਂਦੇ ਪਏ ਨੇਂ। ਛੱਵੀਆਂ ਕੁਹਾੜੀਆਂ ਬਨਾਵਣ ਆਲਿਆਂ ਦੀ ਸੁਣੀ ਗਈ ਏ ਉਨ੍ਹਾਂ ਦਾ ਲੋਹਾ ਸੋਨੇ ਭਾਅ ਵਿਕਣ ਲਗ ਪਿਆ ਏ। ਭੁਖਿਆਂ ਤੇ ਬੀਮਾਰਾਂ ਦੀ ਹਾਲ ਦੁਹਾਈ ਤੇ ਸਿਰ ਤੇ ਬਾਂਹ ਏ। ਬੀਮਾਰਾਂ ਵਿਚੋਂ ਘਣੇ ਅੰਨ੍ਹੇ ਨੇਂ, ਕੋਈ ਸੜ ਕੇ ਮਰਦਾ ਪਿਆ ਏ ਕੋਈ ਖੂਹ ਵਿਚ ਡਿਗ ਕੇ। ਹਾਲ ਦੁਹਾਈਆਂ ਤੇ ਕੋਈ ਕੰਨ ਨਹੀਂ ਦੇਂਦਾ, ਹਥੋਂ ਕਈਆਂ ਰੋਗੀਆਂ ਇਹ ਹੁਲਾ ਛੱਡੀ ਏ ਜੂੰ ਜਿਹੜਾ ਇਨ੍ਹਾਂ ਭੁਖਿਆਂ ਤੇ ਬੀਮਾਰਾਂ ਦੀ ਗਲ ਸੁਣਸੀ ਉਹ ਕਮਲਾ ਹੋ ਜਾਸੀ। ਕਮਲੇ ਹੋਵਣ ਦੇ ਡਰ ਤੋਂ ਲਾਚਾਰਾਂ ਵਲ ਕੋਈ ਝਾਤੀ ਈ ਨਹੀਂ ਮਾਰਦਾ।

ਪੱਖੀ ਵਾਸ ਕਨਾਂ ਨੂੰ ਹਥ ਲੇਂਦਿਆਂ ਚੁਪ ਕਰ ਗਿਆ ਤੇ ਮੁੜ ਬੋਲਿਆ:

“ਹੁਣ ਦੋਵਾਂ ਵਲਾਂ ਦੇ ਨਿੱਕੇ, ਵੱਡੇ, ਘਰ ਦੇ ਕੰਮ ਕਾਰ ਛਡ ਅੱਠੇ ਪਹਿਰ ਦਲੀਲਾਂ ਕਰਦੇ ਰਹਿੰਦੇ ਨੇਂ ਜੂੰ ਲੜਾਈ ਦਾ ਕੋਈ ਬਹਾਨਾ ਲਭੇ। ਆਹਮ ਲਾਹਮ ਦੀਆਂ ਵੱਸਤੀਆਂ ਆਲੇ ਬੰਦੇ ਇਨ੍ਹਾਂ ਨੂੰ ਸਮਝਾਉਣ ਆਉਂਦੇ ਨੇਂ। ਉਨ੍ਹਾਂ ਨੂੰ ਦੋਵਾਂ ਵਲਾਂ ਦਾ ਪਿਆਰ ਵੀ ਹੋਸੀ ਪਰ ਘਣੀ ਘਾਬਰ ਉਨ੍ਹਾਂ ਨੂੰ ਇਸ ਗਲ ਦੀ ਏ ਜੂੰ ਕਦਾਈਂ ਇਹ ਲੜਾਈ ਆਲੀ ਅਗ ਹਾਤਿਆਂ ਤੋਂ ਵਧਦੀ ਵਧਦੀ ਉਨ੍ਹਾਂ ਦੀਆਂ ਛਪਰੀਆਂ ਨੂੰ ਨਾਂ ਲਗ ਜਾਵੇ। ਸੁਣਿਆ ਏ ਚਿਰਾਂ ਦੇ ਤੱਸੇ ਅਜ ਕਲ ਮੁੜ ਪੱਬਾਂ ਭਾਰ ਨੇਂ।”

ਆਇਆਂ ਬੰਦਿਆਂ ਵਿਚੋਂ ਹਿਕ ਬੋਲਿਆ:

“ਖ਼ੈਰ ਇਹ ਗਲ ਵੀ ਨਹੀਂ ਇਕੱਠੇ ਪਏ ਭਾਂਢੇ ਵੀ ਠਾਕ ਪੌਂਦੇ ਨੇਂ, ਵੱਸਦੀ ਜਾਅ ਤੇ ਉੱਚੀ ਨੀਵੀਂ ਹੋ ਈ ਜਾਂਦੀ ਏ।”


ਅਗੋਂ ਪੱਖੀ ਵਾਸ ਉਹੰਦੀ ਗਲ ਟੁਕਦਿਆਂ ਹੋਇਆ ਕਾਹਲੇ ਬੁਲਾਰੇ ਨਾਲ ਬੋਲਿਆ:

“ਰੋਗੀਆਂ ਆਲੀ ਜੂਹ ਨੂੰ ਵੱਸਦੀ ਜਾਅ ਨਾਂ ਆਖ। ਓਥੇ ਹੁਣ ਵੱਸੋਂ ਆਲੀ ਕਾਈ ਗਲ ਵੀ ਨਹੀਂ ਰਹੀ। ਇਸ ਲਈ ਜੂੰ ਵਸਦੀ ਜਾਅ ਦੇ ਵਸਨੀਕ ਭਾਵੇਂ ਜੇਡੇ ਵੀ ਵੈਰੀ ਹੋਵਣ ਉਹ ਧੁਪਾਂ ਛਾਵਾਂ ਨੂੰ ਠਲਣ ਲਈ ਤੇ ਹਿਕ ਦੂਏ ਦੇ ਪਾਸਿਉਂ ਘੁਲਣ ਆਲੀਆਂ ਵਾਵਾਂ ਨੂੰ ਡੱਕਣ ਲਈ ਕਦੇ ਵੀ ਲੜਾਈਆਂ ਨਹੀਂ ਲੜਦੇ।”

ਪੱਖੀ ਵਾਸ ਇਹ ਆਖ ਚੁਪ ਕਰ ਗਿਆ ਤੇ ਮੁੜ ਕੁਝ ਸੋਚਦਿਆਂ ਬੋਲਿਆ:

“ਇਹ ਇਨ੍ਹਾਂ ਦੀ ਭੁਲ ਏ, ਵਾਵਾਂ ਘੁਲਦਿਆਂ ਰਹਿਣਾ ਏ, ਬਦਲਾਂ ਟੁਰਦਿਆਂ ਰਹਿਣਾ ਏ।”

# ਨਿਰਵਾਰ



ਹੌਲ ਆਲੀ ਵਾਅ ਦੇ ਝੋਲੇ ਜਦੋਂ ਵਧੇ ਤੇ ਡਰ ਆਲੀ ਹਨੇਰੀ ਬਣ ਗਏ।

ਜੇ ਇਤਨੀ ਖ਼ਲਕਤ ਰਲ ਕੇ ਠੱਡਾ ਸਾਹ ਵੀ ਭਰ ਛੱਡਦੀ ਤਾਂ ਉਸ ਰੇਤ ਦੀ ਕੱਧਾਂ ਆਲੀ ਜੇਲ ਵਿਹ ਢੂ ਜਾਣਾ ਹਾ ਜਿਸ ਦੇ ਕੈਦੀ ਉਹ ਬੁਤ ਤੇ ਰੂਹ ਹਾਇਨ ਜਿਨ੍ਹਾਂ ਦੇ ਸਾਈਆਂ ਦੇ ਸਿਰ ਵੱਡਿਆਂ ਰੁਖਾਂ ਆਲਿਆਂ ਕੋਲੋਂ ਬਿਨਾਂ ਪੁੱਛਿਉਂ ਸਾਹ ਲੈਣ ਆਲਾ ਦੋਸ਼ ਮੜ੍ਹਿਆ ਗਿਆ। ਰੇਤ ਨਾਲ ਉਸਰਣ ਪਾਰੋਂ ਇਹ ਜੇਲ ਅਵੱਲੀ ਤੇ ਪਹਿਲਾਂ ਈ ਹਾਈ, ਰੂਹਾਂ ਤੇ ਬੁੱਤਾਂ ਨੂੰ ਵਖ ਵਖ ਖੋਠੜੀਆਂ ਵਿਚ ਢਕਣ ਪਾਰੋਂ ਕਰੜੀ ਤੇ ਅਨੋਖੀ ਵੀ ਵਜਣ ਲਗ ਪਈ। ਬੁਤ ਯਾਂ ਰੂਹ ਵਿਚੋਂ, ਕਿਸੇ ਹਿਕ ਨੂੰ ਚਾਰ ਦੀਂਹ ਵਧ ਕੈਦ ਹੁੰਦੀ ਤਾਂ ਪਹਿਲਾਂ ਰਿਹਾ ਹੋਵਣ ਆਲਾ ਉਂਜ ਤੇ ਆਜ਼ਾਦ ਦਿਸਦਾ ਪਰ ਅਸਲ ਵਿਚ ਰਹਿੰਦਾ ਮੁੜ ਕੈਦੀ ਦਾ ਕੈਦੀ। ਜੇਕਰ ਕੋਈ ਇਵਜ਼ੀ ਆ ਜਾਂਦੀ ਤੇ ਉਹ ਰੂਹ ਨੂੰ ਈ ਦੇਵਣੀ ਪੌਂਦੀ। ਇਹ ਭੇਤ ਅਜ ਤਾਈਂ ਨਹੀਂ ਖੁਲ੍ਹਾ ਜੂ ਹਮੇਸ਼ ਤੋਂ ਇਵਜ਼ੀਆਂ ਰੂਹਾਂ ਦੇ ਹਿੱਸੇ ਈ ਕਿਉਂ ਆਉਂਦੀਆਂ ਨੇਂ। ਕਈ ਥਾਹਰੀਂ ਜਦੋਂ ਬੰਦੇ ਕਿਸੇ ਨੂੰ ਬਦ–ਦੁਆ ਦੇਂਦੇ ਤੇ ਆਂਹਦੇ:

"ਸ਼ਾਲਾ! ਤੂੰ ਰੇਤ ਆਲੀ ਜੇਲ ਦਾ ਕੈਦੀ ਹੋਵੇਂ।"

ਇਨ੍ਹਾਂ ਕੈਦੀਆਂ ਦਾ ਵੀ ਦੂਈਆਂ ਵਸੇਬਾਂ ਦੇ ਕੈਦੀਆਂ ਵਾਂਗੂ ਵੱਡਿਆਂ ਰੁਖਾਂ ਆਲਿਆਂ ਨਾਲ ਨਾਂ ਤਾਂ ਕੋਈ ਸੀਂ ਬੰਨੇ ਦਾ ਰੌਲਾ ਹਾ ਤੇ ਨਾਂ ਈ ਕੋਈ ਸਾਂਝ ਦੀ ਲੜਾਈ ਹਾਈ।

ਰੁਖਾਂ ਆਲਿਆਂ ਨੂੰ ਖ਼ੋਰੇ ਕਿਸੇ ਦੀ ਬਦ–ਦੁਆ ਹਾਈ ਜੂ ਉਨ੍ਹਾਂ ਦੀ ਹਰ ਨਸਲ ਵਿਚ ਹਿਕ ਅਧ ਕਮਲਾ ਯਾਂ ਸੌਦਾਈ ਜੰਮ ਪੌਂਦਾ ਹਾ। ਇਸ ਸੌਦਾਈ ਦਾ ਮੂਰਖ ਪਨ, ਨਾਲ ਵਸਦੀ ਖ਼ਲਕਤ ਨੂੰ ਹਮੇਸ਼ ਰਤ ਰਵਾਈ ਰਖਦਾ। ਜਦੋਂ ਰੁਖਾਂ ਆਲਿਆਂ ਦਾ ਕਮਲਾ ਉਨ੍ਹਾਂ ਦਾ ਮੋਹਰੀ ਵੀ ਬਣ ਗਿਆ ਓਦੋਂ ਰਤ ਰੋਵਣ ਦੀ ਰੀਤ ਆਫ ਗਵਾਫ ਦੀਆਂ ਵੱਸਤੀਆਂ ਵਿਚ ਵੀ ਪੈ ਗਈ। ਉਹੰਦਾ ਤਾਂ ਕਮਲਾ ਪਨ ਈ ਨਾਹਓ ਮਾਣ, ਉੱਤੋਂ ਉਹਨੂੰ ਵਹਮ ਆਲੀ ਬੀਮਾਰੀ ਵੀ ਲਗ ਗਈ।

ਕੁਝ ਵਰ੍ਹੇ ਪਹਿਲਾਂ ਰੁਖਾਂ ਆਲੇ ਦੇ ਸੌਦਾਈ ਵਡਕੇ ਨੂੰ ਇਹ ਵਹਮ ਪੈ ਗਿਆ ਭਈ ਜੇਕਰ ਇੱਥੋਂ ਦਿਆਂ ਵਸਨੀਕਾਂ ਆਪਣੀ ਮਰਜ਼ੀ ਨਾਲ ਸਾਹ ਲੈ ਤਾਂ ਵੱਡੇ ਰੁਖ ਸੁਕ ਜਾਸਣ। ਇਹ ਸੁਣ, ਵਸਨੀਕਾਂ ਵਿਚੋਂ ਘਣੀਆਂ ਸੌਦਾਈ ਦਾ ਵਹਮ ਜਾਣ ਕੇ ਗਲ ਆਈ ਗਈ ਕਰ ਛਡੀ। ਕੁਝ ਆਖਣ ਹੋਸ਼ ਕਰੋ, ਪਹਿਲਾਂ ਵੀ ਕਈ ਘਰ ਇਹੋ ਜਿਹੇ ਸੌਦਾਈਆਂ ਦੇ ਵਹਮ ਪਾਰੋਂ ਉਜੜ ਗਏ ਨੇਂ, ਪਰ ਵਸਨੀਕਾਂ ਵਿਚੋਂ ਕਈਆਂ ਉਜਾੜੇ ਆਲੀ ਗਲ ਨੂੰ ਨਾਲ ਦਿਆਂ ਦਾ ਹੌਲ ਜਾਣ ਕੇ ਹੱਸ ਛੱਡਿਆ।

ਥੋੜੇ ਦੀਂਹ ਗੁਜ਼ਰੇ ਮੁੜ ਹਸਣ ਤਾਂ ਦੂਰ ਦੀ ਗਲ ਹਾਈ ਓਥੋਂ ਦੇ ਵਸਨੀਕ ਰੋਵਣ ਨੂੰ ਵੀ ਸਿਕਣ ਲਗ ਪਏ। ਰੁਖਾਂ ਆਲਿਆਂ ਤੇ ਉਨ੍ਹਾਂ ਦਿਆਂ ਲਾਈ ਲਗ ਚੇਲਿਆਂ ਵਡਕੇ ਦੇ ਵਹਮ ਨੂੰ ਮਾਰਣ ਲਈ ਉਸ ਵੱਸਤੀ ਨੂੰ ਡਰ ਦੇ ਰਿਹਨ ਰਖ ਛੱਡਿਆ। ਹਰ ਸ਼ੈ ਡਰੀ ਤੇ ਚੁਪ ਚੁਪ। ਬੰਦੇ ਤੇ ਬੰਦੇ ਓਥੋਂ ਦੀਆਂ ਕੱਧਾਂ ਵੀ ਡਰੀਆਂ ਹੋਈਆਂ ਹਿਕ ਦੂਈ ਨਾਲ ਗਲ ਨਾਹੂ ਕਰਦੀਆਂ। ਇਹ ਗਢ ਅਜ ਤਾਈਂ ਨਾਂ ਖੁਲ੍ਹੀ ਜੂ ਇਹ ਡਰ ਕੱਧਾਂ ਅਲੋਂ ਬੰਦਿਆਂ ਵਲ ਟੁਰਿਆ ਹਾ ਯਾਂ ਬੰਦਿਆਂ ਅਲੋਂ ਕੱਧਾਂ ਵਲ। ਖ਼ੈਰ ਕੋਈ ਕਿਹੜੀ ਕਿਹੜੀ ਗਢ ਖੋਲੇ ਓਥੋਂ ਦੀਆਂ ਜੂਹੀਂ ਦੇ ਸੁਕਿਆਂ ਘਾਹਾਂ ਦੀ, ਮਿੱਠੇ ਪਾਣੀ ਆਲੇ ਸੁਕਿਆਂ ਖੂਹਾਂ ਦੀ ਯਾਂ ਥਣਾਂ ਵਿਚ ਸੁਕਿਆਂ ਧੁੱਧਾਂ ਦੀ।

ਓਥੇ ਜੰਮਦਿਆਂ ਨੂੰ ਡਰ ਦੀ ਘੁੱਟੀ ਦਿੱਤੀ ਜਾਂਦੀ ਮੁੜ ਡਰ ਆਲੇ ਚੋਲੇ ਪਵਾਏ ਜਾਂਦੇ। ਪਹਿਲਾਂ ਪਹਿਲ ਕਈਆਂ ਉਨ੍ਹਾਂ ਨੂੰ ਐਬ ਜਾਣ ਕੇ ਗਲੋਂ ਲਾਹਣ ਦਾ ਚਾਰਾ ਕੀਤਾ ਪਰ ਬਣਿਆ ਕੁਝ ਨਾਂ। ਉਨ੍ਹਾਂ ਚੋਲਿਆਂ ਦੀ ਬੁਣਤ ਵੀ ਵਖਰੀ ਹਾਈ, ਜਿਵੇਂ ਜਿਵੇਂ ਕੋਈ ਉਨ੍ਹਾਂ ਨੂੰ ਗਲੋਂ ਲਾਹਣ ਦਾ ਤਰਲਾ ਮਾਰਦਾ, ਇਹ ਹੋਰ ਸੌੜੇ ਹੋ ਜਾਂਦੇ। ਕਈ ਉਨ੍ਹਾਂ ਨੂੰ ਗਲੋਂ ਲਾਹੰਦੇ ਸਾਹ ਘੁਟਣ ਨਾਲ ਮਰ ਗਏ। ਰਿਹਾਂ ਰੋਣਿਆਂ ਡਰ ਆਲੇ ਚੋਲੇ ਤਾਂ ਨਾਂ ਲਾਹੇ ਪਰ ਉਨ੍ਹਾਂ ਨੂੰ ਐਬ ਜਾਨਣ ਆਲੀ ਗਲ ਮਨ ਤੋਂ ਲਾਹ ਛਡੀ। ਸਾਹ ਘੁਟ ਕੇ ਮਰਨ ਆਲੀ ਮੌਤ ਨਾਲੋਂ ਪੁੱਛ ਕੇ ਸਾਹ ਲੈਣ ਆਲੀ ਹਿਆਤੀ ਉਨ੍ਹਾਂ ਨੂੰ ਚੰਗੀ ਲਗਣ ਲਗ ਪਈ। ਹੌਲੀ ਹੌਲੀ ਉਸ ਵਸੇਬ ਦਾ ਦੀਂਹ ਵੀ ਰੁਖਾਂ ਆਲਿਆਂ ਕੋਲੋਂ ਪੁਛ ਕੇ ਉਭਰਨ ਲਗ ਪਿਆ। ਮੁੜ ਓਥੇ ਬਿਨਾਂ ਪੁੱਛਿਆਂ ਸਾਹ ਲੈਣਾ ਸਭ ਤੋਂ ਵਡਾ ਜੁਰਮ ਹੁੰਦਾ ਗਿਆ।

ਮਰਜ਼ੀ ਨਾਲ ਸਾਹ ਨਾਂ ਲੈਣ ਪਾਰੋਂ ਅੰਦਰਾਂ ਦਾ ਸੇਕ ਤੇ ਹੁਸ ਦਾ ਤਾਅ ਜਦ ਹਦੋਂ ਵਧਣ ਲਗਾ ਤੇ ਉਸ ਵੱਸਤੀ ਦੇ ਹਿਕ ਗੱਭਰੂ ਡਰ ਆਲਾ ਚੋਲਾ ਲੀਰੋ ਲੀਰ ਕਰ ਰੁਖਾਂ ਆਲਿਆਂ ਕੋਲੋਂ ਬਿਨਾਂ ਪੁੱਛਿਆਂ ਸਾਹ ਲੈ ਲਿਆ।

ਇਸ ਸਾਹ ਨਾਲ ਪੂਰੀ ਵਸਤੀ ਵਿਚ ਭੋਈਂ ਅੰਬ ਜਿਹਾ ਆ ਗਿਆ। ਭੋਈਂ ਅੰਬ ਦੇ ਹਲਕਾਰੇ ਨਾਲ ਸਣੇ ਵੱਡਿਆਂ ਰੁਖਾਂ ਉਨ੍ਹਾਂ ਦੀਆਂ ਜੜ੍ਹਾਂ ਵੀ ਹਿਲ ਗਈਆਂ ਜਿਨ੍ਹਾਂ ਨੂੰ ਪੱਕੇ ਪੀਢੇ ਹੋਵਣ ਦਾ ਮਾਣ ਤੇ ਵੱਡਿਆਂ ਵੱਡਿਆਂ ਹਨੇਰਿਆਂ ਤੋਂ ਨਾਂ ਹਿਲਣ ਆਲੀ ਭੁਲ ਹਾਈ। ਡਰ ਹੰਢੇਂਦੀ ਵਸਤੀ ਹੋਰ ਵੀ ਡਰ ਗਈ। ਇੱਥੋਂ ਦੇ ਵਸਨੀਕ ਆਪਣੇ ਮੂੰਹਾਂ ਤੇ ਆਈਆਂ ਪਘਰਾਂ ਨੂੰ ਡਰ ਆਲੀਆਂ ਸਾਫ਼ੀਆਂ ਨਾਲ ਪੂੰਝਦਿਆਂ ਉਸ ਗੱਭਰੂ ਦੀ ਨਕੋਹੀ ਕਰਦੇ ਆਖਣ ਲਗੇ:

"ਇਹਨੂੰ ਵੱਜ ਗਈ ਏ। ਇਹ ਕੰਮਲਾ ਹੋ ਗਿਆ ਏ। ਕੋਈ ਆਖੇ ਇਹਨੂੰ ਡੀਵਿਆਂ ਆਲੇ ਦਰਬਾਰ ਤੇ ਚਿੱਲਾ ਕਟਦਿਆਂ ਕੋਈ ਹਰਫ਼ ਪੁਠਾ ਪੜ੍ਹਣ ਨਾਲ ਧੱਕਾ ਲਗ ਗਿਆ ਏ। ਕਈਆਂ ਸਲਾਹ ਦਿੱਤੀ ਜੂ ਇਸ ਤੋਂ ਪਹਿਲਾਂ ਇਹ ਵੱਸਤੀ ਦੀ ਕੋਈ ਲਾਹਮ ਬਹਵਾ ਛੱਡੇ, ਇਹਨੂੰ ਕੜ ਛੱਡੋ।"

ਇਹੋ ਜਹੀਆਂ ਗੱਲਾਂ ਅਜੇ ਬੰਦਿਆਂ ਦੇ ਮੂੰਹਾਂ ਵਿਚ ਹਾਇਨ ਜੇ ਉੱਤੋਂ ਰੁਖਾਂ ਆਲੇ ਵੀ ਉਸ ਗੱਭਰੂ ਦੇ ਘਰ ਅੱਪੜ ਗਏ। ਘਣੇ ਵਸਨੀਕ ਥੁਕ ਨਿਗਲਦੇ ਆਪੋ ਆਪਣੀ ਸਫ਼ਾਈ ਦੇਂਦੇ ਰਹੇ। ਰੁਖਾਂ ਆਲਿਆਂ ਇਹ ਆਖ ਕੇ ਗਲ ਮੁਕਾ ਛਡੀ ਭਈ ਕਮਲਾ ਏ ਭਾਵੇਂ ਧੱਕਾ ਲਗਾ ਸੂ, ਬਿਨਾਂ ਪੁੱਛਿਉਂ ਸਾਹ ਲੈਣ ਦਾ ਪੱਕਾ ਕਸੂਰ ਵਾਰ ਏ। ਉਨ੍ਹਾਂ ਉਸ ਗੱਭਰੂ ਦੀ ਸਾਫ਼ੀ ਸਿਰ ਤੋਂ ਲਾਹ ਕੇ ਉਹੰਦੇ ਗਲ ਵਿਚ ਘੱਤੀ ਤੇ ਉਹਨੂੰ ਸੁੱਕੀ ਲਕੜ ਵਾਂਗੂ ਧਰੂੰਦੇ ਲੈ ਗਏ। ਉਨ੍ਹਾਂ ਦਾ ਮੂੰਹ ਰੇਤ ਉਸਰੀ ਜੇਲ ਵਲ ਹਾ।

ਗੱਭਰੂ ਦੇ ਮਾਂ ਪਿਉ ਤੋਂ ਸਿਵਾ ਕਿਸੇ ਠੱਡਾ ਸਾਹ ਵੀ ਨਾਂ ਭਰਿਆ। ਉਹ ਵੀ ਪੁੱਤਰ ਨੂੰ ਓਵੇਂ ਤਕਦੇ ਰਹਿ ਗਏ ਜਿਵੇਂ ਫਾਸੀ ਵਲ ਟੁਰਦੇ ਬੇ ਗੁਨਾਹ ਕੈਦੀ ਨੂੰ ਦੂਏ ਬੇ ਦੋਸ਼ ਕੈਦੀ ਵੇਖਦੇ ਨੇਂ। ਅਖੀਂ ਤੋਂ ਚਾਨਣ ਦੂਰ ਹੋਵਣ ਤੇ ਹਨੇਰੇ ਦੀ ਵਿਥ ਘਟਣ ਮੂਜਬ ਉਨ੍ਹਾਂ ਨੂੰ ਸਿਰ ਦੁਪਹਿਰੇ ਰਾਤ ਪੈ ਗਈ। ਉਹ ਜਿੱਥੇ ਹਾਇਨ ਉਥਾਈਂ ਮੁਠੀਂ ਮੀਟ ਕੇ ਬਹਿ ਗਏ। ਅਧੀ ਰਾਤ ਤਾਂ ਉਨ੍ਹਾਂ ਦਲੀਲਾਂ ਵਿਚ ਗੁਜ਼ਾਰ ਛਡੀ। ਬਾਕੀ ਦੀ ਅਧੀ ਉਹ ਪੂਰੀ ਵਸਤੀ ਵਿਚ ਕੱਧਾਂ ਦੇ ਆਸਰੇ ਤੇ ਟੁਰਦੇ, ਬੂਹੇ ਬੂਹੇ ਗਏ। ਪੂਰੀ

ਵਸਤੀ ਵਿਚੋਂ ਮਿਹਣੇ ਤੇ ਝਿੜਕਾਂ ਨਾਲ ਆਪਣੀਆਂ ਝੋਲੀਆਂ ਭਰ ਧੰਮੀ ਦੀਆਂ ਬਾਂਗਾਂ ਵੇਲੇ ਆਪਣੇ ਖੋਲੇ ਤੇ ਪਰਤੇ। ਅੱਜ ਉਨ੍ਹਾਂ ਨੂੰ ਇਹ ਵਸਤੀ ਗੁਸਤਾਨ ਜਾਪਣ ਲਗ ਪਈ।

ਆਪਣੀ ਗੁਸਤਾਨ ਵਰਗੀ ਵਸਤੀ ਅਲੋਂ ਹਿਡਕ ਲਾਹ ਕੇ ਉਨ੍ਹਾਂ ਉਸ ਵਸਤੀ ਦੀ ਤਕ ਤਕ ਲਈ ਜਿਸ ਦੇ ਕੁਝ ਵਸਣੀਕਾਂ ਦੇ ਸਿਰਾਂ ਤੇ ਰੁਖਾਂ ਆਲਿਆਂ ਦੀਆਂ ਬਨ੍ਹਾਈਆਂ ਹੋਈਆਂ ਡਰ ਆਲੀਆਂ ਪੱਗਾਂ ਹਾਇਨ।

ਪੱਗਾਂ ਆਲਿਆਂ ਦੀ ਵਸਤੀ ਦੇ ਲੰਮੇ ਪੱਧ, ਦਰਿਆਵਾਂ ਦੇ ਲਾਘੇ ਉੱਤੋਂ ਹੋਲ ਆਲੀ ਉਸ ਗਢੜੀ ਦਾ ਭਾਰ ਉਨ੍ਹਾਂ ਦੇ ਸਿਰ ਤੇ ਹਾ, ਜਿਸ ਨਾਲ ਤਾਂ ਸ਼ੀਂਹ ਜਵਾਨਾਂ ਨੂੰ ਵੀ ਪੈਰ ਪੁਟਣਾ ਔਖਾ ਹੁੰਦਾ ਏ, ਉਹ ਤੇ ਹਾਇਨ ਈ ਢਲਦੀ ਉੱਮਰ ਵਿਚ। ਖ਼ੈਰ ਉਹ ਇਸ ਗਢੜੀ ਨੂੰ ਵਾਰੋ ਵਾਰੀ ਚੋਂਦੇ, ਡਿਗਦੇ ਢਾਂਦੇ, ਕੁਝ ਦੀਂਹਾਂ ਵਿਚ ਪਗੜੀਆਂ ਆਲਿਆਂ ਦੀ ਵਸਤੀ ਅੱਪੜ ਗਏ। ਮੂੰਹ ਰਖਣੀ ਪਾਰੋਂ ਯਾਂ ਉਨ੍ਹਾਂ ਦਾ ਭੈੜਾ ਹਾਲ ਵੇਖ, ਕੁਝ ਪਗੜੀਆਂ ਆਲੇ ਉਨ੍ਹਾਂ ਨਾਲ ਰੁਖਾਂ ਆਲਿਆਂ ਕੋਲ ਜਾਵਣ ਤੇ ਰਾਜ਼ੀ ਹੋ ਗਏ।

ਗੱਭਰੂ ਦੇ ਮਾਂ ਪਿਉ ਤੇ ਪੱਗੜੀਆਂ ਆਲਿਆਂ ਦੀ ਗਲ ਸੁਣ ਕੇ ਰੁਖਾਂ ਆਲਿਆਂ ਦਾ ਵਹਮੀ ਵੱਡਕਾ ਘੂਰੀਆਂ ਵਟਦਿਆਂ ਹਿਕ ਸਾਹਾ ਬੋਲਿਆ:

"ਇਨ੍ਹਾਂ ਦਾ ਪੁੱਤਰ ਕੋਈ ਇੱਥੇ ਨਵਾਂ ਗੱਭਰੂ ਹੋਇਆ ਏ। ਉਹਦੇ ਹਾਣੀ ਹੋਰ ਵੀ ਸੈ ਰੁਲਦੇ ਪਏ ਨੇਂ ਪਰ ਇਸ ਵਾਂਗ ਅਜ ਤਾਈਂ ਕਿਸੇ ਸਾਡੇ ਸਿਰ ਨੂੰ ਹਥ ਨਹੀਂ ਘੱਤਿਆ। ਹੁਣ ਉਸ ਅਨ ਮਨ ਦਾ ਬੁਤ ਤੇ ਰੂਹ ਸਾਡੀ ਉਸ ਕਰੜੀ ਜੇਲ ਦੇ ਕੈਦੀ ਨੇਂ ਜਿੱਥੇ ਉਹ ਕਿਸੇ ਦੂਏ ਨਾਲ ਗਲ ਵਾਤ ਨਹੀਂ ਕਰ ਸੰਗਦੇ। ਉਹਦਾ ਤਾਂ ਨਾਂ ਵੀ ਸਾਡੇ ਫਟਾਂ ਤੇ ਲੂਣ ਏ, ਤੁਸੀਂ ਉਹਦੀ ਮੁਆਫ਼ੀ ਦੀ ਗਲ ਕਰਦੇ ਓ। ਜਾਓ ਆਪਣਾ ਪਧ ਖੋਟਾ ਨਾਂ ਕਰੋ।"

ਇਹ ਆਖ ਕੇ ਉਹ ਮੂੜ੍ਹੇ ਤੋਂ ਉੱਠਿਆ ਤੇ ਘਰ ਵਲ ਟੁਰਦਿਆਂ ਪੱਗਾਂ ਆਲਿਆਂ ਨੂੰ ਆਖਣ ਲਗਾ:

"ਤੁਸੀਂ ਵੀ ਘਰੋਂ ਟੁਰਨ ਲਗਿਆਂ ਬੰਦਾ ਕੁਬੰਦਾ ਵੇਖ ਲਿਆ ਕਰੋ।"

ਉਹਨੂੰ ਇਸ ਤਰ੍ਹਾਂ ਜਾਂਦਿਆਂ ਵੇਖ ਪੱਗਾਂ ਆਲਿਆਂ ਭੈੜੇ ਰੁਖਾਂ ਨਾਲ ਹਿਕ ਦੂਏ ਵੱਲ ਤੱਕਿਆ ਤੇ ਬਿਨਾਂ ਕੁਝ ਬੋਲਿਆਂ ਉਹ ਵੀ ਆਪਣੇ ਘਰਾਂ ਵਲ ਟੁਰ ਪਏ। ਗੱਭਰੂ ਦੇ ਮਾਂ ਪਿਉ ਦਾ ਦਿਲ ਢਾਈਂ ਮਾਰ ਕੇ ਰੋਵਣ ਨੂੰ ਕਰੇ ਪਰ ਅੱਜ ਉਨ੍ਹਾਂ ਵਿਚ ਠੱਡਾ ਸਾਹ ਭਰਣ ਦਾ ਹੌਸਲਾ ਵੀ ਨਾਹਓ ਬੱਚਿਆ। ਇਨ੍ਹਾਂ ਢਾਈਂ ਦਾ ਸੇਕ ਵੀ ਉਨ੍ਹਾਂ ਦੇ ਮਨ ਵਿਚ ਈ ਰਹਿ ਗਿਆ। ਖ਼ੋਰੇ ਇਸ ਲਈ ਜੁ ਰੋਵਣ ਵੀ ਤਾਂ ਢੇਰ ਤਰਾਣ ਮੰਗਦਾ ਏ।

ਜੇਲ ਵਿਚ ਉਸ ਗੱਭਰੂ ਤੇ ਬੜੀਆਂ ਸਖ਼ਤੀਆਂ ਹੋਈਆਂ। ਰੂਹ ਤੇ ਬੁਤ ਨੂੰ ਵਖ ਵਖ ਢਕਣ ਤੋਂ ਪਹਿਲਾਂ ਰੁਖਾਂ ਆਲੇ ਤੇ ਉਨ੍ਹਾਂ ਦੇ ਲਾਈ ਲਗ ਚੇਲੇ ਉਸ ਕੋਲੋਂ ਹਿਕਾ ਗਲ ਪੁੱਛਦੇ ਰਹੇ ਜੁ ਤੈਨੂੰ ਬਿਨਾਂ ਪੁੱਛਿਆਂ ਸਾਹ ਲੈਣ ਆਲਾ ਸਬਕ ਕਿਸ ਦਿੱਤਾ ਏ?

ਗੱਭਰੂ ਬੜੇ ਹੌਸਲੇ ਨਾਲ ਆਖੇ:

"ਆਪਣੀ ਮਰਜ਼ੀ ਨਾਲ ਸਾਹ ਲੈਣ ਆਲਾ ਸਬਕ ਮੈਨੂੰ ਕਿਸੇ ਨਹੀਂ ਦਿੱਤਾ। ਇਹ ਵਲ ਮੇਰੇ ਨਾਲ ਈ ਜੰਮਿਆ ਹਾ।"

ਨਿੱਤ ਨਿੱਤ ਦੇ ਹਿਕੇ ਜਵਾਬ ਤੋਂ ਅਕ ਕੇ ਰੁਖਾਂ ਆਲਿਆਂ ਉਸ ਗੱਭਰੂ ਦੇ ਬੁਤ ਤੇ ਰੂਹ ਨੂੰ ਵਖ ਵਖ ਕੋਠੜੀਆਂ ਵਿਚ ਢਕ ਕੇ ਹਮੇਸ਼ ਲਈ ਚੁਪ ਕਰਾ ਦਿੱਤਾ।

ਗੱਭਰੂ ਨੂੰ ਇਸ ਤਰ੍ਹਾਂ ਚੁਪ ਕਰਾਣ ਮਗਰੋਂ ਸੌਦਾਈ ਵਡਕੇ ਦਾ, ਸਾਹ ਨਾਲ ਰੁਖਾਂ ਦੇ ਸੁਕਣ ਆਲਾ, ਵਹਮ ਤੇ ਨਾਂ ਨਿਕਲਿਆ ਉਲਟਾ ਉਸ ਗੱਭਰੂ ਦੇ ਘਰ ਰਾਤ ਨੂੰ ਬਲਦਾ ਡੀਵਾ ਦਿਸਣ ਆਲਾ ਹਿਕ ਹੋਰ ਵਹਮ ਉਹਨੂੰ ਪੈ ਗਿਆ। ਉਹ ਇਸ ਡੀਵੇ ਨੂੰ ਮਾਰਣ ਲਈ ਹਰ ਰਾਤ ਆਪਣੇ ਬੰਦੇ ਟੋਰੇ। ਉਹਦੇ ਬੰਦੇ ਹਟ ਕੇ ਵਡਕੇ ਨੂੰ ਤਸੱਲੀਆਂ ਦੇਵਣ ਤੇ ਇਹ ਵੀ ਦਸਣ ਜੁ ਹੁਣ ਓਥੇ ਦੋ ਚਾਰ ਗੁੰਗੀਆਂ ਕੰਧਾਂ ਸਿਵਾ ਕੁਝ ਵੀ ਨਹੀਂ ਬੱਚਿਆ। ਕਮਲਾ ਵਡਕਾ ਇਹ ਗਲ ਨਾਂ ਮੰਨੇ ਤੇ ਮੁੜ ਮੁੜ ਆਪਣੇ ਸਿਰ ਤੇ ਹਥ ਮਾਰ ਆਪਣੀਆਂ ਅਖੀਂ ਮਲਦਿਆਂ ਬੰਦਿਆਂ ਨੂੰ ਆਖੇ:

"ਤੁਸੀਂ ਸਾਰੇ ਅੰਨ੍ਹੇ ਓ। ਤੁਹਾਨੂੰ ਨਹੀਂ ਦਿਸਦਾ ਪਰ ਮੈਨੂੰ ਪੱਕ ਏ ਓਥੇ ਅਜੇ ਵੀ ਡੀਵਾ ਬਲਦਾ ਏ।"

ਵਡਕੇ ਦਾ ਇਹ ਵਹਮ ਇਤਨਾ ਵੱਧਿਆ ਜੁ ਓਥੇ ਬਿਨਾਂ ਪੁੱਛਿਆਂ ਸਾਹ ਲੈਣ ਦੇ ਨਾਲ ਨਾਲ ਡੀਵਾ ਬਾਲਣਾ ਵੀ ਜੁਰਮ ਹੁੰਦਾ ਗਿਆ। ਵਟ ਬਤੀ ਦੀ ਸਲਾਹ ਦੇਵਣ ਆਲੇ ਵੀ ਇਸ ਜੁਰਮ ਦੀ ਜ਼ਦ ਵਿਚ ਆ ਗਏ।

ਜੀਂਦਿਆਂ ਦੇ ਘਰ ਹਨੇਰਾ ਤੇ ਜੇਲ ਵਿਚ ਚੁਪ ਕਰ ਜਾਣ ਆਲਿਆਂ ਦੇ ਘਰਾਂ ਵਿਚ ਚਾਨਣ ਆਲੀ ਗਲ ਦਾ ਜਦੋਂ ਹੋਲੀ ਹੋਲੀ ਨਿਰਵਾਰ ਹੋਇਆ ਓਦੋਂ ਕਈਆਂ ਬੰਦਿਆਂ ਉਸ ਗੱਭਰੂ ਵਾਂਗ ਆਪਣੀ ਮਰਜ਼ੀ ਨਾਲ ਸਾਹ ਲੈਣ ਤੇ ਡੀਵੇ ਬਾਲਣ ਨੂੰ ਆਪਣੀ ਹਿਆਤੀ ਮਿਥ ਲਿਆ। ਇਹ ਹਾਇਨ ਤਾਂ ਥੋੜੇ ਪਰ ਖਿਲਰ ਪੂਰੇ ਵਸੇਬ ਵਿਚ ਗਏ। ਸੌਦਾਈ ਦੇ ਵਧਦੇ ਵਹਮ ਨੂੰ ਮਾਰਣ ਲਈ ਉਹਦੇ ਬੰਦੇ ਇਨ੍ਹਾਂ ਮਨ ਮੌਜੀਆਂ ਦੇ ਪਿੱਛੇ ਪੈ ਗਏ।

ਹੁਣ ਓਥੇ ਖੇਡ ਦਾ ਇਹ ਰੰਗ ਏ। ਹਿਕ ਪਾਸੇ ਇਹ ਮਨ ਮੌਜੀ ਨੇਂ ਤੇ ਦੂਏ ਪਾਸੇ ਵਹਮੀ ਤੇ ਸੌਦਾਈ। ਦੂਹਾਂ ਵਿਚੋਂ ਹਫ਼ ਕੇ ਪਹਿਲੇ ਕਿਸ ਡਿਗਣਾ ਏ, ਇਹ ਭੇਤ ਵੇਲੇ ਕੋਲ ਏ।

# ਇਹ ਲਫ਼ਜ਼ ਇਨ੍ਹਾਂ ਮਾਅਨਿਆਂ ਵਿਚ ਵਰਤੇ ਗਏ ਨੇਂ

1– ਵੈਲ : ਮੁਸੀਬਤ, ਦੁਖ
2– ਰਹੀਆਂ ਰੋਣਿਆਂ : ਬਾਕੀ ਮਾਂਦਾ
3– ਸਿਝ : ਰੋਸ਼ਨੀ
4– ਉਚਾਲਾ : ਹਿਜਰਤ
5– ਬੁਡਾਣਾ : ਡੋਬਣਾ
6– ਤਲ : ਇਲਾਕਾ
7– ਵਿਲਛ : ਕਸੋ ਅਦਾਈਗੀ ਲਈ ਬਰਾਬਰ ਹਿੱਸੇ ਦੀ ਵਸੂਲੀ
8– ਭੋਈਂ ਅੰਬ : ਜ਼ਲਜ਼ਲਾ, ਭੁੰਚਾਲ
9– ਗੁਸਤਾਨ : ਕਬਰਸਤਾਨ
10– ਸਿਵੀ : ਦੀਮਕ
11– ਤਵੀਤ : ਤਾਵੀਜ਼
12– ਥਾਹਰੀਂ : ਮਕਾਮਾਤ, ਜਗ੍ਹਾ
13– ਕੋਲਿਆ : ਕਾਇਲ ਕੀਤਾ
14– ਸਿਝ ਆਲਾ : ਰੋਸ਼ਨੀ ਵਾਲਾ, ਮਜਾਜ਼ਨ ਸਿਧਾ ਰਸਤਾ ਵਖਾਣ ਵਾਲਾ
15– ਘਾਂਦੇ : ਪਹਿਨਾਂਦੇ
16– ਬਰਦਾ : ਜ਼ਰ ਖ਼ਰੀਦ ਗ਼ੁਲਾਮ
17– ਪੰਧਾਂ : ਸਫ਼ਰ
18– ਅੱਚਰਜ : ਆਪਣੀ ਤਰਜ਼ ਵਿਚ ਕੋਈ ਅਨੋਖੀ ਸਿਫ਼ਤ ਯਾਂ ਸ਼ੈ
19– ਹਾਂਤ : ਬੇ–ਇੱਜ਼ਤੀ, ਹਤਕ
20– ਬੋੜਨਾ : ਡਬੋਣਾ
21– ਹਾਠਾਂ : ਲਸ਼ਕਰ
22– ਭਰਮ ਸਧਾਣਾ : ਭਰਮ ਗੰਵਾਣਾ
23– ਬੁਲਾਰਾ : ਲਹਿਜਾ, ਆਵਾਜ਼
24– ਲਿਹੀ : ਲਕੀਰ, ਮਜਾਜ਼ਨ ਰਸਮੋ ਰਵਾਇੱਤ
25– ਸਾਂਗਾ : ਦੋਸਤੀ
26– ਤਰਾਨ : ਜ਼ੋਰ, ਹਿਮਤ
27– ਪਛੇਤਰੀ : ਦੇਰ ਨਾਲ ਬੋਈ ਹੋਈ ਫ਼ਸਲ
28– ਕਸ ਮਸ : ਖਿਚਾਓ, ਪਰੇਸ਼ਾਨੀ
29– ਨਕੋਹੀ : ਬਦਨਾਮੀ
30– ਅਣਚਨ : ਤੰਬੀਹ, ਕੋਈ ਮੁਆਮਲਾ ਸਾਫ਼ ਕਰਨ ਤੋਂ ਬਾਦ ਫਿਰ ਨਾਂ ਕਰਨ ਲਈ ਤੰਬੀਹ ਕਰਨਾ।
31– ਖਲਮੇ : ਕਾਰ ਫ਼ਜ਼ੂਲ ਵਿਚ ਮਸਰੂਫ਼
32– ਬਈ : ਦੂਸਰੀ
33– ਕਲਰਾਠੀਆਂ : ਸੇਮ ਜ਼ਦਾ
34– ਵਿਲ੍ਹੀਆਂ : ਗਿਲੀ, ਨਮੀ ਵਾਲੀ
35– ਪੜ : ਪਾਟ
36– ਡੰਗ : ਪਹਿਰ, ਲਮਹਾ
37– ਹਾਂਹ : ਸੀਨਾ
38– ਖਤੀਆਂ : ਸਿਤਾਰਿਆਂ ਦਾ ਝੁਰਮਟ
39– ਮਕਾਲ : ਜ਼ਿਕਰ
40– ਕੱਧੀ : ਦਰਿਆ
41– ਭਾਨੋਰ : ਮੁਸ਼ਾਬਿਹਤ
42– ਮਾਂਦਰੀ : ਸੱਪ ਦੇ ਡਸਣ ਦਾ ਇਲਾਜ ਕਰਨ ਵਾਲਾ

43– ਮੋਹਰੇ : ਪਹਿਲੇ
44– ਨਿਘਰਨਾ : ਜ਼ਮੀਨ ਧੰਸਣਾ
45– ਤਰੇਢਾਂ : ਮੁਖ਼ਤਲਿਫ਼ ਜ਼ਾਵੀਆਂ ਨਾਲ ਗਵਾਚੀ ਸ਼ੈ ਦੇ ਪੈਰਾਂ ਦੇ ਨਿਸ਼ਾਨ ਲਭਣਾ।
46– ਉੱਭੇ ਲੰਮੇ : ਮਸ਼ਰਿਕ ਮਗ਼ਰਿਬ
47– ਅੜਕਣਾ : ਠਹਿਰਨਾ
48– ਕੜਮੇ : ਬਦਬਖ਼ਤ
49– ਨਿਆਂ : ਕਸਮ, ਇਨਸਾਫ਼
50– ਵਨੋਜ : ਅਸਲ ਚੋਰੀ ਸ਼ੁਦਾ ਜਾਨਵਰ ਦੇ ਪੈਰਾਂ ਦੇ ਨਿਸ਼ਾਨ ਤੋਂ ਹਟ ਕੇ ਉਸੇ ਨਸਲ ਦੇ ਕਿਸੇ ਦੂਸਰੇ ਜਾਨਵਰ ਦੇ ਨਿਸ਼ਾਨ ਤੇ ਟੁਰ ਪੈਣਾ।
51– ਸਗਵੇਂ : ਅਸਲ, ਹੂਬਹੂ
52– ਸਹਿਕਦਾ ਸਹਿਕਦਾ : ਹਾਂਪਦਾ ਹੋਇਆ
53– ਛਲ : ਸੈਲਾਬ
54– ਵਧਕਾਂ : ਬਚਿਆ ਖੁਚਿਆ
55– ਹਡਕ : ਉਮੀਦ
56– ਲਾਈ : ਮੁਨਸਫ਼
57– ਝਬਦੇ : ਜਲਦੀ
58– ਹਧ : ਲਾਠੀ ਯਾਂ ਛੜੀ ਦੇ ਸਿਰੇ ਤੇ ਚੋਬ ਲਾਣਾ
59– ਰੇਜ : ਸੈਲਾਬ ਦੇ ਪਾਣੀ ਨਾਲ ਜ਼ਮੀਨ ਦਾ ਸੈਰਾਬ ਹੋਣਾ
60– ਤਾਰੂ : ਤੈਰਾਕ, ਐਸਾ ਪਾਣੀ ਜਿਹਨੂੰ ਸਿਰਫ਼ ਤੈਰ ਕੇ ਪਾਰ ਕੀਤਾ ਜਾ ਸਕੇ
61– ਵਰ੍ਹਿਆਂ : ਰੱਸੀਆਂ
62– ਹਾਬ : ਥੋੜਾ ਪਾਣੀ ਜਿਸ ਨੂੰ ਪੈਦਲ ਪਾਰ ਕੀਤਾ ਜਾ ਸਕੇ
63– ਤੱਗਿਆ : ਰਿਹਾ
64– ਗਲ ਵਿਚ ਸਾਫ਼ਾ ਮੂੰਹ ਵਿਚ ਘਾਹ : ਗ਼ੁਲਾਮੀ ਦੇ ਦੌਰ ਵਿਚ ਗਲੇ ਵਿਚ ਪਗੜੀ ਤੇ ਮੂੰਹ ਵਿਚ ਘਾਹ ਪਾ ਕੇ ਬਾਦਸ਼ਾਹ ਦੀ ਗ਼ੁਲਾਮੀ ਕਬੂਲ ਕਰਨ ਦੀ ਰਸਮ
65– ਲਾ : ਤਾਅਲੁਕ
66– ਇਤ ਵਾਰੀ : ਇਸ ਸਾਲ
67– ਕਰੋਪੀ : ਕੈਹਰ
68– ਗੋਲੀਆਂ : ਸ਼ਹਿਤੀਰ
69– ਸਿਣੀ : ਪਟ ਸਨ
70– ਅਪੜ : ਵੀਰਾਨ, ਬਗ਼ੈਰ ਕਾਸ਼ਤ ਹੋਈ ਜ਼ਮੀਨ
71– ਪੱਖੀ : ਕਪੜਿਆਂ ਦੇ ਨਾਲ ਬਣੀ ਹੋਈ ਝੋਂਪੜੀ, ਝੁੱਗੀ, ਕੁੱਲੀ, ਖ਼ੈਮਾ
72– ਮਣਾਂ : ਦਰਿਆ ਦੇ ਕਿਨਾਰੇ
73– ਕਢਈਂਦੇ : ਕਤਰਾਂਦੇ
74– ਸੂੰਹੇ : ਵਾਕਫ਼
75– ਬੁਢ : ਦਰਿਆ ਦੀ ਪੁਰਾਣੀ ਗੁਜ਼ਰਗਾਹ
76– ਓਝੜ ਰਾਹ : ਬੇ ਮਨਜ਼ਲ ਰਾਹ, ਉਲਟਾ ਸਿਧਾ ਰਸਤਾ
77– ਹੁਲਾ : ਮਸ਼ਹੂਰ
78– ਵੱਜਣ : ਮੌਸੂਮ
79– ਇਵਜ਼ੀ : ਕਿਸੇ ਦੇ ਬਦਲੇ ਬੇਗਾਰ ਕਟਣਾ
80– ਧਕਾ ਲਗਣਾ : ਹੋਸ਼ੋ ਹਵਾਸ ਖੋਹ ਬੈਠਣਾ
81– ਕੜਨਾ : ਜਕੜ ਦੇਣਾ